ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਪਰਉਪਕਾਰੀ ਸਤਿਗੁਰੂ

ਅੰਕ ਸ੍ਰੀ ਮਹਾਰਾਜ ਜੰਗ ਸਿੰਘ ਜੀ ਨਾਵਾਂ



ਭੇਟਾ-

ਸ੍ਰੀ ਸਤਿਗੁਰੂ ਜੰਗ ਸਿੰਘ ਜੀ ਮਹਾਰਾਜ ਤੇ ਸ਼ਰਧਾ ਰਖਣ
ਵਾਲੇ ਗੁਰਸਿਖਾਂ ਨੂੰ
ਸੰਨ ੧੯੭੮

ਲੇਖਕ-- ਜੋਗੀ ਰਾਜ

ਸਹਾਇਕ- ਸਵਿੰਦਰ ਸਿੰਘ ਹੰਸਪਾਲ

ਪ੍ਰਕਾਸ਼ਕ-

ਸ੍ਰੀ ਮਹਾਰਾਜ ਜੰਗ ਸਿੰਘ ਜੀ ਸੇਵਕ ਸਭਾ
ਨਵੀਂ ਦਿਲੀ

ਪ੍ਰਧਾਨ — ਹਰਦਿਆਲ ਸਿੰਘ ਹੰਸਪਾਲ
ਸਕਤ੍ਰ — ਮੰਗਲ ਸਿੰਘ ਇੰਜੀਨੀਯਰ
ਖਜ਼ਾਨਚੀ- ਰਤਨ ਸਿੰਘ ਠੇਕੇਦਾਰ

ਦਸਮੇਸ਼ ਪ੍ਰਿੰਟਰਜ਼ ੩/੩੧ ਮੋਤੀ ਨਗਰ ਨਵੀਂ ਦਿਲੀ-੧੫

ਧੰਨ ਮਹਾਰਾਜ ਜੰਗ ਸਿੰਘ ਜੀ

ਬੇਨਤੀ

ਹਰ ਸਾਲ ਅਸੀਂ ਸ੍ਰੀ ਮਹਾਰਾਜ ਜੰਗ ਸਿੰਘ ਜੀ ਦਾ ਲਿਖਤ ਰੂਪੀ ਜਸ ਹਰ ਸਾਲ ਹਾੜ ਦੇ ਮੇਲੇ ਤੇ ਪਰਉਪਕਾਰੀ ਸਤਗੁਰੂ ਦੇ ਨਾਂ ਹੇਠ ਸਾਧ ਸੰਗਤ ਦੀ ਭੇਟਾ ਕਰਦੇ ਹਾਂ ਇਸ ਵਿਚ ਮਹਾਰਾਜ ਜੰਗ ਸਿੰਘ ਜੀ ਦੀਆਂ ਅਦੁਤੀ ਹਰਕਤਾਂ ਅਤੇ ਦੁਖੀ ਜੀਵਾਂ ਤੇ ਕੀਤੇ ਹੋਏ ਪਰਉਪਕਾਰ ਸਾਧ ਸੰਗਤ ਨੂੰ ਦਰਸਾਉਣ ਦੀ ਕੋਸ਼ਿਸ਼ ਕਰਦੇ ਹਾਂ।

ਸਤਗੁਰੂ ਜੀ ਦੀ ਉਪਮਾ ਜਾਂ ਵਡਿਆਈ ਅਸੀਂ ਕੀਹ ਕਰ ਸਕਦੇ ਹਾਂ ਜਿਵੇਂ ਗੁਰਬਾਣੀ ਅਨੁਸਾਰ "ਸਾਧ ਕੀ ਮਹਿਮਾ ਬੇਦ ਨ ਜਾਣੈ" ਜਦ ਬ੍ਰਹਮਾ ਵਰਗੇ ਜਿਨਾਂ ਦੀ ਰਸਨਾ ਤੇ ਸੁਰਸਤੀ ਨਿਵਾਸ ਕਰਦੀ ਹੈ ਉਹ ਵੀ ਅਸਮਰਥ ਹੈ, ਤਾਂ ਅਸੀਂ ਕਿਦੇ ਪਾਣੀ ਹਾਰ ਹਾਂ, ਹਾਂ ਇਹ ਸੋਚ ਜਰੂਰ ਆਉਂਦੀ ਹੈ ਕਿ ਇਸ ਕਲਜੁਗ ਦੇ ਗੰਦੇ ਮਹੌਲ ਵਿਚ ਅਤੇ ਮਾਇਆ ਦੇ ਗਲਘੋਟੂ ਬੰਧਨ ਵਿਚ ਫਸੇ ਹੋਏ ਲੋਕਾਂ ਵਿਚੋਂ ਅਜੇ ਵੀ ਮਹਾਰਾਜ ਜੰਗ ਸਿੰਘ ਜੀ ਦੇ ਵਰਸਾਏ ਸਿਖ ਹਨ ਹਫ਼ਤਾਵਾਰ ਕੀਰਤਨ ਕਰਦੇ ਹਨ। ਘਰੋ ਘਰੀ ਨਿਤਨੇਮ ਕਰਦੇ ਹਨ, ਉਹਨਾਂ ਦੇ ਨਾਂ ਤੇ ਪੁਨ ਦਾਨ ਕਰਦੇ ਹਨ।

ਧੰਨ ਹਨ ਉਹ ਸਿਖ ਕਿਓਂ ਧੰਨ ਹਨ ਇਸ ਲਈ ਕਿ ਅਜ ਸਾਡੇ ਕੋਲ ਟਾਈਮ ਨਹੀਂ ਦੁਨੀਆ ਦੇ ਕੂੜੇ ਧੰਦਿਆਂ ਵਾਸਤੇ ਤਾਂ ਸਾਡੇ ਕੋਲ ਟਾਈਮ ਹੀ ਟਾਈਮ ਹੈ, ਪਰ ਬਰਹਮ ਦੀ ਵਿਚਾਰ ਵਾਸਤੇ ਸਾਡੇ ਕੋਲ ਬਿਲਕੁਲ ਸਮਾਂ ਨਹੀਂ ਹੈ, ਗੁਰਦੁਆਰੇ ਜਾਕੇ ਆਣ ਦੀ ਜਲਦੀ ਹੈ,

ਕੀਰਤਨ ਦਾ ਭੋਗ ਪਾਉਣ ਦੀ ਜਲਦੀ ਹੈ, ਚੁਗਲੀ ਨਿੰਦਿਆ ਤਾਂ ਭਾਵੇਂ ਅਸੀ ਅੱਧਾ ਦਿਨ ਕਰਦੇ ਰਹੀਏ, ਜਿਥੇ ਬਰਹਮ ਦੀ ਗਲ ਆਵੇਗੀ ਇਥੋਂ ਕੋਈ ਨ ਕੋਈ ਬਹਾਨਾ ਮਾਰਕੇ ਖਿਸਕ ਜਾਂਦੇ ਹਾਂ, ਜੋ ਕੰਮ ਗੈਰ ਜਰੂਰੀ ਹਨ ਉਹ ਅਸਾਂ ਜਰੂਰੀ ਬਣਾ ਲਏ ਹਨ, ਹਾਂ ਜੋ ਬਹੁਤ ਜਰੂਰੀ ਹਨ, ਉਹਨਾਂ ਨੂੰ ਅਸੀਂ ਕੋਈ ਮਹਤਤਾ ਨਹੀਂ ਦੇਂਦੇ ।

ਆਓ ਅਸੀ ਸਤਗੁਰੂ ਜੰਗ ਸਿੰਘ ਅਗੇ ਅਰਦਾਸ ਕਰੀਏ ਕਿ ਹੇ ਸਚੇ ਪਾਤਸ਼ਾਹ ਸਾਨੂੰ ਸੁਬੁਦ ਬਖਸ਼ ਅਤੇ ਅਪਣੇ ਚਰਨਾਂ ਨਾਲ ਜੋੜ ਮਹਾਪੁਰਖਾਂ ਦੇ ਕਥਨ ਅਨੁਸਾਰ ਸਮਾਂ ਬਹੁਤ ਨੇੜੇ ਆ ਰਿਹਾ ਹੈ ਜਿਸਦਾ ਰੂਪ ਬਹੁਤ ਭਿਆਨਕ ਹੈ ਅਤੇ ਉਸ ਤੋਂ ਬਚਨ ਲਈ ਸਾਨੂੰ ਜਿਆਦਾ ਸਮਾਂ ਨਾਮ ਜਪਣ ਵਲ ਤੇ ਸਾਧਾਂ ਦੀ ਸ਼ਰਨ ਵਿਚ ਗੁਜਾਰਨਾ ਚਾਹੀਦਾ ਹੈ ।

ਸਤਗੁਰੂ ਜੰਗ ਸਿੰਘ ਜੀ ਦੀਆਂ ਇਹ ਸਾਖੀਆਂ ਜੋ ਸਾਧ ਸੰਗਤ ਦੀ ਭੇਟਾ ਕਰ ਰਹੇ ਹਾਂ ਇਹਨਾਂ ਵਿਚੋਂ ਵੀ ਇਹੋ ਹੀ ਮਹਿਕ ਆਉਂਦੀ ਹੈ ਕਿ ਜਿਨਾਂ ਭਾਗਾਂ ਵਾਲਿਆਂ ਨੇ ਗੁਰੂ ਤੇ ਭਰੋਸਾ ਰਖਿਆ ਓਹਨਾਂ ਏਥੇ ਵੀ ਸੁਖ ਭੋਗਿਆ ਤੇ ਪਰਲੋਕ ਵਿਚ ਵੀ ਸੁਹੇਲੇ ਹੋਏ ।

ਇਸ ਵਾਰ ਸਾਧ ਸੰਗਤ ਅਗੇ ਮੇਰੀ ਹਥ ਜੋੜ ਕੇ ਬੇਨਤੀ ਹੈ ਕਿ ਨਾਲੇ ਤਾਂ ਸਤਗੁਰੂ ਜੰਗ ਸਿੰਘ ਦਾ ਇਹ ਜਸ ਪੜੀਏ ਅਤੇ ਪ੍ਰਣ ਕਰੀਏ ਕਿ ਅਸੀਂ ਵਧ ਤੋਂ ਵਧ ਸਮਾਂ ਨਾਮ ਜਪਣ ਵਲ ਲਾਵਾਂਗੇ । ਕੂੜੀ ਮਾਇਆ ਦੇ ਪਿਛੇ ਜਨਮ ਨ ਗਵਾ ਕੇ ਉਹ ਮਾਇਆ ਲਭੀਏ ਜੋ ਰਾਮ ਨੂੰ ਮਲਾਉਂਦੀ ਹੈ ।

ਦਾਸ- ਜੋਗੀ ਰਾਜ

ਸੰਤ ਗੁਰਬਚਨ ਸਿੰਘ ਜੀ ਜਥੇਦਾਰ ਪਿੰਡ ਦੰਦੀਆਂ ਜੋ ਕਿ ਨਾਮਧਾਰੀ ਦੀਵਾਨਾਂ ਵਿਚ ਵਾਜਾ ਵਜਾਉਣ ਦੀ ਸੇਵਾ ਕਰਦੇ ਹਨ। ਉਨਾਂ ਬਚਨ ਕਰਦਿਆਂ ਦਸਿਆ ਕਿ ਮੈਂ ਸਤਗੁਰੂ ਜੰਗ ਸਿੰਘ ਜੀ ਨੂੰ ਅਕਾਲ ਪੁਰਖ ਹੀ ਮਨਦਾ ਹਾਂ, ਕਿਉਂਕਿ ਇਹ ਜੋ ਮੈਂ ਹਡ ਬੀਤੀ ਆਪ ਜੀ ਨੂੰ ਸੁਣਾ ਰਿਹਾ ਹਾਂ, ਇਹ ਹੀ ਏਸ ਗਲ ਨੂੰ ਸਿਧ ਕਰਦੀ ਹੈ।

ਬਹੁਤ ਸਾਲ ਪਹਿਲਾਂ ਦੀ ਗਲ ਹੈ ਕਿ ਜਦ ਮੈਂ ਸ੍ਰੀ ਮਹਾਰਾਜ ਜੰਗ ਸਿੰਘ ਜੀ ਨੂੰ ਬਿਲਕੁਲ ਨਹੀ ਸਾਂ ਮੰਨਦਾ ਹੁੰਦਾ। ਇਕ ਦਿਨ ਮੈਂ ਘਰੋਂ ਕੰਮ ਤੇ ਜਾਣ ਵਾਸਤੇ ਸਾਈ-ਕਲ ਲੈ ਕੇ ਚਲਿਆ ਤਾਂ ਰਸਤੇ ਵਿਚ ਸੜਕ ਦੇ ਉਤੇ ਹੀ ਮੇਰੇ ਸਾਈਕਲ ਦੀਆਂ ਬਰੇਕਾਂ ਅੰਪਣੇ ਆਪ ਲਗ ਗਈਆਂ। ਅਤੇ ਮੈਂ ਇਕ ਦਮ ਸਾਈਕਲ ਤੋਂ ਉਤਰ ਗਿਆ। ਸੜਕ ਦੇ ਇਕ ਪਾਸੇ ਜਾਕੇ ਜਦ ਮੈਂ ਸਾਈਕਲ ਨੂੰ ਚੰਗੀ ਤਰਾਂ ਜਾ ਕੇ ਵੇਖਿਆ ਤਾਂ ਸਾਈਕਲ ਠੀਕਠਾਕ ਸੀ।

ਮੈਂ ਫਿਰ ਚਲਣ ਲਗਾ ਤਾਂ ਮੇਰੇ ਅਗੇ ਇਕ ਸਾਧ ਜੋ ਕਿ ਗੋਰਖਨਾਥ ਦਾ ਚੇਲਾ ਜਾਪਦਾ ਸੀ ਖੜਾ ਸੀ। ਉਹ ਮੈਨੂੰ ਕਹਿਣ ਲਗਾ ਕਿ ਤੂ ਮੇਰੇ ਨਾਲ ਚਲ। ਮੈਂ ਪਹਿਲਾਂ ਤਾਂ ਉਸਨੂੰ ਨਮਸਕਾਰ ਕੀਤੀ, ਫਿਰ ਪੁਛਿਆ ਕਿ ਸੰਤ ਜੀ ਕਿਥੇ ਜਾਣਾ ਹੈ।

ਉਹ ਕਹਿਣ ਲਗਾ ਕਿ ਤੂੰ ਮੇਰਾ ਸਾਥੀ ਹੈਂ ਅਤੇ ਮੇਰੇ ਨਾਲ ਇਕ ਆਸਣ ਤੇ ਬੈਠ ਕੇ ਬੰਦਗੀ ਕਰਦਾ ਰਿਹਾ ਹੈਂ। ਮੈਂ ਕਿਹਾ ਇਹ ਝੂਠ ਹੈ ਮੈਂ ਕਿਤੇ ਭਗਤੀ ਸ਼ਗਤੀ ਨਹੀਂ ਕਰਦਾ ਰਿਹਾ, ਮੈਂ ਉਸਨੂੰ ਇਹ ਵੀ ਦਸਿਆ ਕਿ ਮੈਂ ਸ਼ਾਦੀ ਸ਼ੁਦਾ ਹਾਂ ਅਤੇ ਮੇਰੇ ਬਾਲ ਬਚੇ ਵੀ ਹਨ, ਤੂੰ ਕਿਦਾਂ

ਕਹਿੰਦਾ ਹੈਂ ਕਿ ਮੈਂ ਤੇਰਾ ਸਾਥੀ ਹਾਂ। ਤੂ ਕੋਈ ਨਿਸ਼ਾਨੀ ਦਸ।

ਉਸਨੇ ਕਿਹਾ ਨਿਸ਼ਾਨੀ? ਤੂ ਆਪਣੇ ਆਪ ਵਲ ਦੇਖ ਜਦ ਮੈਂ ਅਪਣੇ ਆਪ ਵਲ ਵੇਖਿਆ ਤਾਂ ਮੈਂ ਹੈਰਾਨ ਰਹਿ ਗਿਆ, ਕਿਉਂਕਿ ਮੇਰੇ ਕਪੜੇ ਭਗਵੇ, ਕੰਨਾਂ ਵਿਚ ਮੁੰਦਰਾਂ ਅਤੇ ਸਿਰ ਤੇ ਜੜਾਵਾਂ ਹਨ। ਉਹ ਸਾਧ ਕਹਿਣ ਲਗਾ ਕਿ ਹੁਣ ਤਾਂ ਯਕੀਨ ਆ ਗਿਆ ਕਿ ਨਹੀਂ ਅਤੇ ਚਲ ਹੁਣ ਤੂ ਮੇਰੇ ਨਾਲ।

ਉਹ ਅਗੇ ਅਗੇ ਤੁਰ ਪਿਆ ਤੇ ਮੈਂ ਉਸਦੇ ਪਿਛੇ ਪਿਛੇ ਤੁਰ ਪਿਆ। ਉਹ ਮੈਨੂੰ ਇਕ ਪਹਾੜ ਤੇ ਲੈ ਗਿਆ, ਉਥੇ ਸਚਮੁਚ ਦੋ ਆਸਣ ਲਗੇ ਸਨ ਤੇ ਧੂਣੀ ਵੀ ਤਪ ਰਹੀ ਸੀ।

ਇਹ ਜਗਾਹ ਬਹੁਤ ਸੁੰਦਰ ਸੀ ਅਤੇ ਇਕ ਕੁੰਡ ਵੀ ਬਣਿਆ ਹੋਇਆ ਸੀ ਅਤੇ ਉਥੇ ਦੋ ਚਿਮਟੇ ਵੀ ਗਡੇ ਹੋਏ ਹਨ ਮੈਂ ਕਿਹਾ ਇਹ ਕੀ ਹੈ ਉਹ ਕਹਿਣ ਲਗਾ ਕਿ ਇਹ ਇਕ ਆਸਣ ਤੇਰਾ ਹੈ ਤੇ ਇਕ ਮੇਰਾ ਹੈ. ਇਹ ਦੋ ਚਿਮਟੇ ਵੀ ਤੇਰੇ ਅਤੇ ਮੇਰੇ ਹਨ। ਉਸਨੇ ਹੋਰ ਵੀ ਨਾਥਾਂ ਵਾਲੀਆਂ ਨਿਸ਼ਾ-ਨੀਆਂ ਦਸੀਆਂ ਜੋ ਮੈਨੂੰ ਹੂ ਬਹੂ ਸਚ ਜਾਪਿਆ।

ਮੈਂ ਕਿਹਾ ਇਹ ਕਿਦਾਂ ਹੋ ਸਕਦਾ ਹੈ ਤੂੰ ਕਨ ਪਾਟਾ ਸਾਧ ਹੈਂ ਤੇ ਮੈਂ ਗੁਰੂ ਕਾ ਸਿਖ ਹਾਂ। ਤੇਰਾ ਮੇਰਾ ਕੀ ਮੇਲ ਹੈ ਉਹ ਕਹਿਣ ਲਗਾ ਕਿ ਸੁਣ, ਤੂੰ ਤੇ ਮੈਂ ਗੁਰੂ ਗੋਰਖ ਨਾਥ ਦੇ ਚੇਲੇ ਹਾਂ ਅਤੇ ਏਸ ਜਗਾਹ ਤੇ ਤਪ ਕਰਿਆ ਕਰਦੇ ਸਾਂ।

ਇਕ ਵਾਰ ਇਥੇ ਸਤਗੁਰੂ ਨਾਨਕ ਦੇਵ ਜੀ ਆਏ, ਮੈਂ ਉਸ ਵੇਲੇ ਭਿਛਿਆ ਮੰਗਣ ਗਿਆ ਹੋਇਆ ਸਾਂ ਤੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਤੇ ਚਰਨਾਂ ਤੇ ਮਥਾ

ਵੀ ਟੇਕਿਆ ਅਤੇ ਤੂੰ ਕੁਝ ਚਿਰ ਪਿਛੋਂ ਦੇਹ ਛਡ ਕੇ ਗੁਰੂ ਕਾ ਸਿਖ ਬਣ ਗਿਆ ਅਤੇ ਮੈਂ ਇਥੇ ਇਕਲਾ ਹੀ ਹਾਂ।

ਇਹ ਵੇਖ ਕੇ ਮੈਂ ਉਸ ਸਾਧ ਨੂੰ ਕਿਹਾ ਕਿ ਭਾਵੇਂ ਠੀਕ ਹੈ ਪਰ ਮੈਂ ਇਥੇ ਨਹੀਂ ਰਹਿਣਾ ਜੇ, ਜੇ ਮੈਂ ਇਥੇ ਰਿਹਾ ਤਾਂ ਮੇਰੇ ਬਾਲ ਬਚੇ ਕਿਥੋਂ ਖਾਣਗੇ, ਉਹ ਸਾਧ ਕਹਿਣ ਲਗਾ ਤੈਨੂੰ ਮਾਇਆ ਚਾਹੀਦੀ ਹੈ ਇਧਰ ਪਹਾੜ ਦੇ ਥਲੇ ਵੇਖ। ਜਦ ਮੈਂ ਪਹਾੜ ਦੇ ਥਲੇ ਨਿਗਾਹ ਮਾਰੀ ਤਾਂ ਬਹੁਤ ਸਾਰੀ ਮਾਇਆ ਪਈ ਸੀ। ਹੀਰੇ ਲਾਲ ਅਤੇ ਜਵਾਹਰਾਂ ਦੇ ਢੇਰ ਲਗੇ ਪਏ ਸਨ ਅਤੇ ਨੋਟਾਂ ਦਾ ਕੋਈ ਅੰਤ ਹੀ ਨਹੀਂ ਸੀ।

ਇਹ ਵੇਖ ਕੇ ਵੀ ਮੈਂ ਉਥੇ ਸਾਧ ਕੋਲ ਰਹਿਣ ਤੋਂ ਇਨਕਾਰ ਕਰਕੇ ਤੁਰ ਪਿਆਂ। ਉਸਨੇ ਮੈਨੂੰ ਬਹੁਤ ਰੋਕਿਆ ਪਰ ਮੈਂ ਰੁਕਿਆ ਨਾ। ਜਦ ਮੈਨੂੰ ਹੋਸ਼ ਆਈ ਤਾਂ ਮੈਂ ਉਥੇ ਹੀ ਸੜਕ ਦੇ ਕੰਢੇ ਤੇ ਪਿਆ ਹਾਂ। ਆਸੇ ਪਾਸੇ ਦੇ ਲੋਕ ਕਹਿਣ ਲਗੇ ਕਿ ਮੈਨੂੰ ਦੌਰਾ ਪੈ ਗਿਆ ਹੈ, ਖੈਰ ਮੈਂ ਵਾਪਸ ਘਰ ਆ ਗਿਆ।

ਏਸ ਘਟਨਾ ਦੇ ਕਈ ਦਿਨ ਬਾਦ ਫਿਰ ਉਹ ਸਾਧ ਨਜਰੀ ਆਇਆ ਅਤੇ ਫਿਰ ਮੇਰਾ ਪਹਿਰਾਵਾ ਨਾਥਾਂ ਵਾਲਾ ਹੋ ਗਿਆ। ਭਗਵੇ ਕਪੜੇ ਕਨਾਂ ਚ ਮੁੰਦਰਾਂ ਸਿਰ ਤੇ ਜੜਾਵਾ ਚਲ ਤੂ ਮੇਰੇ ਨਾਲ। ਮੈਂ ਨਾ ਨਾ ਕਰਦਾ ਰਿਹਾ ਤੇ ਉਹ ਨਾਲ ਲਜਾਣ ਲਈ ਜਿਦ ਕਰਦਾ ਫਿਰ ਮੈਨੂੰ ਹੋਸ਼ ਆ ਜਾਂਦੀ ਤੇ ਲੋਕਾਂ ਦੇ ਕਹਿਣ ਮੁਤਾਬਕ ਮੈਨੂੰ ਦੌਰੇ ਪੈਂਦੇ ਰਹੇ।

ਇਕ ਵਾਰ ਸੰਤ ਮੋਹਣ ਸਿੰਘ ਜੀ ਦਿਲੀ ਆਏ।

ਸੰਤ ਮੋਹਣ ਸਿੰਘ ਜੀ ਨਾਮਧਾਰੀ ਪੰਥ ਦੇ ਸ਼ਰੋਮਣੀ ਸੰਤ ਸਨ ਅਤੇ ਜਿਨਾਂ ਦਾ ਬਹੁਤ ਤਪ ਤੇਜ ਸੀ, ਉਹ ਨਾਮਧਾਰੀ ਕਾਲੋਨੀ ਆਏ ਤੇ ਮੈਂ ਵੀ ਉਹਨਾਂ ਦੇ ਚਰਨਾਂ ਵਿਚ ਅਰਜ ਕੀਤੀ ਕਿ ਮੇਰੇ ਨਾਲ ਕੀਹ ਬੀਤਦੀ ਹੈ। ਸੰਤ ਜੀ ਨੇ ਫੁਰ-ਮਾਇਆ ਭਾਈ ਤੂ ਕੋਟ ਧਰਮੂ ਮਹਾਰਾਜ ਜੰਗ ਸਿੰਘ ਜੀ ਦੇ ਡੇਰੇ ਤੇ ਜਾ ਅਤੇ ਪੰਜ ਮਸਿਆ ਇਸ਼ਨਾਨ ਕਰ ਸਤ ਗੁਰੂ ਜੰਗ ਸਿੰਘ ਆਪ ਸਹਾਈ ਹਵੇਗਾ। ਮੈਂ ਤਾਂ ਕੇਵਲ ਸਤਗੁਰੂ ਰਾਮ ਸਿੰਘ ਤੇ ਸ਼ਰਧਾ ਰਖਦਾ ਸਾਂ, ਮੇਰੇ ਅੰਦਰ ਦੀ ਗਲ ਨੂੰ ਬੁਝ ਕੇ ਸੰਤ ਕਹਿਣ ਲਗੇ ਭਾਈ ਓਹ ਵੀ ਸਤਗੁਰੂ ਰਾਮ-ਸਿੰਘ ਦਾ ਹੀ ਘਰ ਹੈ। ਤੂੰ ਸਰਧਾ ਰਖ ਕੇ ਮਸਿਆ ਦਾ ਇਸ਼ਨਾਨ ਕਰ।

ਮੈਂ ਮਸਿਆ ਜਾਣਾ ਅਰੰਭ ਕਰ ਦਿਤਾ ਤੇ ਨਾਲ ਹੀ ਸੰਤ ਮੋਹਣ ਸਿੰਘ ਜੀ ਨੇ ਕਿਹਾ ਕਿ ਤੂ ਉਸ ਜੜਾਵਾਂ ਵਾਲੇ ਸਾਧ ਨਾਲ ਜਾਣ ਦੀ ਗੱਲ ਨਾ ਕਰੀਂ ਜਦ ਮੈਂ ਦੂਜਾ ਮਸਿਆ ਗਿਆ ਤਾਂ ਭਾਈ ਸਾਹਿਬ ਭਾਈ ਸੁੰਦਰ ਸਿੰਘ ਹੁਰਾਂ ਅਗੇ ਅਰਜ ਕੀਤੀ, ਭਾਈ ਜੀ ਕਹਿਣ ਲਗੇ ਭਾਈ ਤੇਰੇ ਚੋਲੋਂ ਸਾਧ ਨੇ ਕੀਹ ਲੈਣਾ ਹੈ। ਫਿਕਰ ਨ ਕਰ ਤੈ ਨੂੰ ਉਹ ਕੁਝ ਨਹੀਂ ਕਹਿ ਸਕਦਾ, ਮੈਂ ਬਹੁਤ ਖੁਸ਼ ਹੋਇਆ ਕਿ ਭਾਈ ਹੁਰਾਂ ਨੇ ਮੈਨੂੰ ਵਰ ਦੇ ਦਿਤਾ ਹੈ।

ਜਦ ਮੈਂ ਚੌਥੀ ਮਸਿਆ ਨਹਾ ਕੇ ਘਰ ਵਾਪਸ ਆਇਆ ਤਾਂ ਮੈਨੂੰ ਫਿਰ ਉਸ ਤਰਾਂ ਹੀ ਦੋਰਾ ਪਿਆ ਤੇ ਉਹ ਸਾਧ ਫਿਰ ਮੇਰੇ ਸਾਹਮਣੇ ਆ ਖਲੋਤਾ ਅਤੇ ਬੜੇ ਗੁਸੇ ਵਿਚ ਕਹਿਣ ਲਗਾ ਅਜ ਤੂੰ ਮੇਰੇ ਹਥੋਂ ਨਹੀਂ ਬਚ ਸਕਦਾ ਕਲ ਤੂ ਕੋਟਧਰਮੂ ਮਸਿਆ ਤੇ ਗਿਆ ਸੀ ਮੈਂ ਤੈਨੂੰ ਉਥੇ

ਸਰੋਵਰ ਵਿਚ ਡਬੋ ਕੇ ਮਾਰ ਦੇਣਾ ਸੀ ਪਰ ਮੈਂ ਉਥੇ ਬੇਬਸ ਸਾਂ। ਚਾਰਾ ਤਾਂ ਮੈਂ ਬਹੁਤ ਕੀਤਾ ਸੀ ਪਰ ਮੇਰੀ ਕੋਈ ਪੇਸ਼ ਨਹੀਂ ਸੀ ਜਾਂਦੀ। ਜਦ ਵੀ ਤੈਨੂੰ ਫੜਨ ਦਾ ਜਤਨ ਕਰਦਾ ਸਾਂ, ਮੇਰੀਆਂ ਬਾਹਾਂ ਨੂੰ ਅਗ ਲਗ ਜਾਂਦੀ ਸੀ। ਉਥੇ ਪਹਿਰਾ ਮਹਾਰਾਜ ਜਗ ਸਿੰਘ ਜੀ ਦਾ ਸੀ ਏਸ ਕਰਕੇ ਤੂ ਬਚ ਗਿਆ, ਪਰ ਹੁਣ ਤਾਂ ਮੈਂ ਤੈਨੂੰ ਨਾਲ ਲੈ ਹੀ ਜਾਣਾ ਹੈ, ਚਲ ਛੇਤੀ ਹੋ

ਉਸ ਸਾਧ ਨੇ ਮੈਨੂੰ ਬਾਹੋਂ ਫੜ ਕੇ ਨਾਲ ਤੋਰ ਲਿਆ ਅਤੇ ਮੈਂ ਆਪ ਮੁਹਾਰਾ ਹੀ ਉਸਦੇ ਪਿਛ ਤੁਰ ਪਿਆ। ਉਹ ਸਾਧ ਅਗੇ ਅਗੇ ਤੇ ਮੈਂ ਉਸਦੇ ਪਿਛੇ ਪਿਛੇ। ਇਕ ਸਿਫਤ ਉਸਦੇ ਵਿਚ ਹੋਰ ਸੀ ਕਿ ਉਹ ਜਦ ਚਲਦਾ ਤਾਂ ਪਿਛੇ ਮੁੜ ਕੇ ਨਹੀਂ ਸੀ ਦੇਖਦਾ।

ਜਦ ਮੈਂ ਉਸਦੇ ਪਿਛੇ ਜਾ ਰਿਹਾ ਸੀ, ਬੜੀ ਕੋਸ਼ਿਸ਼ ਕੀਤੀ ਇਹ ਤਾਂ ਪਿਛ ਮੁੜ ਕੇ ਦੇਖਦਾ ਨਹੀਂ ਜਿਵੇਂ ਹੋਵੇ ਮੈਂ ਏਸ ਤੋਂ ਬਚਣ ਵਾਸਤੇ ਪਿਛਾਂ ਨੂੰ ਨਸ ਜਾਵਾਂ। ਜਦ ਮੈਂ ਪਿਛਾਂ ਨੂੰ ਭਜਣ ਦੀ ਕੋਸ਼ਸ਼ ਕਰਦਾ ਹਾਂ ਤਾਂ ਇਕ ਪੈਰ ਵੀ ਪਿਛਾਂ ਨ ਪੁਟਿਆ ਜਾਂਦਾ, ਪੈਰ ਮਣਾ ਮੂੰਹੀ ਭਾਰੇ ਹੋ ਜਾਂਦੇ। ਹਾਰ ਕੇ ਮੈਂ ਇਹ ਖਿਆਲ ਛਡ ਦਿਤਾ।

ਅੰਤ ਜਦ ਮੈਂ ਚਾਰੇ ਪਾਸਿਓਂ ਨਰਾਸ਼ ਹੋ ਗਿਆ ਤਾਂ ਜਿਵੇਂ ਮੇਰੇ ਭਾਗ ਜਾਗਣੇ ਸਨ। ਮੇਰੇ ਅੰਦਰ ਸਤਗੁਰੂ ਜੰਗ ਸਿੰਘ ਦਾ ਖਿਆਲ ਆਇਆ। ਮੈਂ ਅਖਾਂ ਮੀਟ ਕੇ ਤੁਰੇ ਤੁਰੇ ਜਾਂਦੇ ਨੇ ਮਹਾਰਾਜ ਜੰਗ ਸਿੰਘ ਜੀ ਅਗੇ ਅਰਦਾਸ ਕੀਤੀ ਕਿ ਸਚੇ ਪਾਤਸ਼ਾਹ ਧਰਮੂਕੋਟ ਵਾਲਿਆ ਮੇਰੀ ਸਹਾਇਤਾ ਕਰ, ਮੈਂ ਤੇਰਾ ਹਾਂ ਮੈਂ ਤੇਰਾ ਹਾਂ ਮੈਂ ਤੇਰਾ ਹਾਂ ਕਰਦਿਆਂ ਮੇਰੀ ਸੁਰਤੀ ਸਤਗੁਰੂ ਜੰਗ ਸਿਘ ਦੇ ਚਰਨਾਂ ਵਿਚ ਜੁੜ ਗਈ, ਤਾਂ

ਕੀ ਵੇਖਦਾ ਹਾਂ ਕਿ ਅਗੇ ਬਹੁਤ ਧੁੰਧ ਜਹੀ ਹੈ ਅਤੇ ਇਸ ਧੁੰਦ ਵਿਚ ਇਕ ਲੰਮੇ ਜਿਹੇ ਆਦਮੀ ਦਾ ਝੌਲਾ ਜਿਹਾ ਮੈਨੂੰ ਦਿਸਿਆਂ ਅਤੇ ਓਹ ਪਲੋ ਪਲ ਮੇਰੇ ਨੇੜੇ ਆ ਗਿਆ ।

ਜਦ ਮੈਂ ਗੌਰ ਨਾਲ ਵੇਖਿਆ ਤਾਂ ਉਹ ਸ੍ਰੀ ਸਤਗੁਰੂ ਜੰਗ ਸਿੰਘ ਜੀ ਮਹਾਰਾਜ ਹੀ ਸਨ । ਮੈਂ ਦੋੜ ਕੇ ਉਨਾਂ ਦੇ ਚਰਨਾਂ ਤੇ ਮਥਾ ਟੇਕਿਆ ਤੇ ਹਾੜਾ ਕਰਨ ਹੀ ਲਗਾ ਸੀ ਕਿ ਮੈਨੂੰ ਸਤਗੁਰਾਂ ਨੇ ਬਾਹੋਂ ਫੜ ਕੇ ਚਰਨਾਂ ਤੋਂ ਉਠਾਇਆ ਤੇ ਕਿਹਾ ਭਾਈ ਕੀਹ ਗਲ ਹੈ, ਕਿਉਂ ਨਿਹਾਸ਼ ਹੋ ਰਿਹਾ ਹੈਂ ਅਸੀਂ ਤੇਰੇ ਅੰਗ ਸੰਗ ਹਾਂ ਤੂੰ ਕੋਈ ਫਿਕਰ ਨਾ ਕਰ । ਮੈਂ ਕਿਹਾ ਸਚੇ ਪਾਤਸ਼ਾਹ ਮੈਨੂੰ ਏਸ ਬਿਪਤਾ ਤੋਂ ਬਚਾਓ । ਤਾਂ ਹਜ਼ੂਰ ਹਸਕੇ ਕਹਿਣ ਲਗੇ ਸਾਡੇ ਸਿਖ ਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ ।

ਇਹ ਕਨਪਾਟਾ ਸਾਦ ਕਿਦਾ ਪਾਣੀ ਹਾਰ ਹੈ ਏਨੀ ਆਖਕੇ ਸਤਗੁਰਾਂ ਨੇ ਉਸ ਸਾਧ ਵਲ ਇਕ ਨਜ਼ਰ ਕੀਤੀ ਤੇ ਉਥੋਂ ਅਲੋਪ ਹੋ ਗਏ ਅਤੇ ਫਿਰ ਉਹ ਸਾਧ ਮੇਰੇ ਕੋਲ ਆਇਆ ਅਤੇ ਕਹਿਣ ਲਗਾ ਭਾਈ ਗੁਰਬਚਨ ਸਿੰਘ ਤੇਰਾ ਗੁਰੂ ਡਾਢਾ ਹੈ । ਅਤੇ ਹੁਣ ਮੇਰੀ ਤੇਰੇ ਤੇ ਕੋਈ ਪੇਸ਼ ਨਹੀਂ ਜਾਂਦੀ ਅਤੇ ਹੁਣ ਤੂੰ ਮੇਰੇ ਵਲੋਂ ਆਜਾਦ ਹੈਂ ਅਤੇ ਨਾਲ ਹੀ ਤੇਰਾ ਧਨਵਾਦੀ ਹਾਂ ਕਿ ਤੇਰੇ ਕਾਰਨ ਤੇਰੇ ਕਤਗੁਰੂ ਦੇ ਦਰਸ਼ਨ ਕਰਕੇ ਮੇਰਾ ਵੀ ਬੇੜਾ ਪਾਰ ਹੋ ਗਿਆ ਹੈ ।

ਫਿਰ ਉਸ ਸਤਗੁਰਾਂ ਅਗੇ ਅਰਜ਼ ਕੀਤੀ ਦੀਨ-ਦਿਆਲ ਜੀ ਮੇਰੀ ਇਹ ਤਮੰਨਾ ਹੈ, ਜੇ ਮੇਰੀ ਮੰਗ ਪੂਰੀ ਹੋਵੇ ਤਾਂ ਅਰਜ਼ ਕਰਾਂ । ਹਜ਼ੂਰ ਨੇ ਕਿਹਾ ਦਸੋ ਨਾਥ ਜੀ, ਤੁਹਾਡੀ ਕੀਹ ਮੰਗ ਹੈ । ਮੈਂ ਅਤੇ ਇਸਨੇ (ਇਸ਼ਾਰਾ ਮੇਰੇ

ਵਲ ਕਰਕੇ) ਨਾਥ ਬਾਣੇ ਵਿਚ ਬਹੁਤ ਸਮਾਂ ਇਕਠਾ ਬਤੀਤ ਕੀਤਾ ਹੈ। ਮੇਰੀ ਇਹ ਇਛਾ ਹੈ ਕਿ ਮੇਰੀ ਇਸਦੇ ਕੋਲ ਕੋਈ ਨ ਕੋਈ ਨਿਸ਼ਾਨੀ ਜਰੂਰ ਰਹਣੀ ਚਾਹੀਦੀ ਹੈ, ਮੇਰੀ ਤਰਾਂ ਇਸ ਨੂੰ ਵੀ ਕਦੀ ਕਦੀ ਮੇਰੀ ਯਾਦ ਆਇਆ ਕਰੇ। ਸਤਿਗੁਰਾਂ ਕਿਹਾ ਸੰਤ ਜੀ ਤੁਹਾਢੀ ਇਛਾ ਪੂਰੀ ਹੋਵੇਗੀ ਅਤੇ ਉਦੋਂ ਤੋਂ ਮੇਰੇ ਸਿਰ ਤੇ ਜੜਾਵਾਂ ਹਨ।

ਏਨੀ ਗਲ ਆਖ ਕੇ ਉਹ ਸਾਧ ਵੀ ਅਲੋਪ ਹੋ ਗਿਆ ਤੇ ਸਤਗੁਰ ਵੀ ਅਲੋਪ ਹੋ ਗਏ। ਮੈਨੂੰ ਅਪਣੇ ਘਰ ਬੇਹੋਸ਼ ਪਏ ਨੂੰ ਹੋਸ਼ ਆ ਗਈ ਤੇ ਮੈਂ ਚੰਗਾ ਭਲਾ ਹੋ ਗਿਆ। ਓਸ ਤੋਂ ਬਾਦ ਓਹ ਸਾਧ ਮੈਨੂੰ ਕਦੇ ਨਹੀਂ ਮਿਲਿਆ ਤੇ ਉਦੋਂ ਦੀਆਂ ਹੀ ਜੜਾਵਾਂ ਮੇਰੇ ਸਿਰ ਤੇ ਹਨ, ਜੋ ਕਈ ਜਤਨ ਕਰਨ ਤੇ ਵੀ ਨਹੀਂ ਗਈਆਂ।



ਸਤਗੁਰ ਸਿਖ ਕੇ ਬੰਧਨ ਕਾਟੇ ਗੁਰ ਕਾ ਸਿਖ ਬਿਕਾਰ ਤੇ ਹਾਟੇ, ਗੁਰਬਾਣੀ ਦੀ ਇਹ ਪਵਿਤਰ ਤੁਕ ਏ ਸਾਨੂੰ ਦਸਦੀ ਹੈ ਕਿ ਜੇ ਅਸੀ ਤਨ ਅਤੇ ਮਨ ਨਾਲ ਗੁਰੂ ਦੇ ਹੋ ਜਾਈਏ ਤਾਂ ਗੁਰੂ ਵੀ ਸਿਖ ਨੂੰ ਹਰ ਮੁਸ਼ਕਲ ਅਤੇ ਓਕੜ ਚੋਂ ਹਥ ਦੇ ਕੇ ਰਖ ਲੈਂਦਾ ਹੈ।

ਸੰਤ ਗੁਰਦਿਆਲ ਸਿੰਘ ਪਿੰਡ ਅਬਲੂ ਜਿਲਾ ਬਠਿੰਡਾ ਹੁਰਾਂ ਦਸਿਆ ਕਿ ਸਾਡੇ ਤੇ ਵੀ ਸ੍ਰੀ ਮਹਾਰਾਜ ਜੰਗ

ਸਿੰਘ ਜੀ ਦੀ ਅਪਾਰ ਕਿਰਪਾ ਹੈ ਅਤੇ ਸਾਡੇ ਹਰ ਕਾਰਜ ਵਿਚ ਆਪ ਸਹਾਈ ਹੁੰਦੇ ਹਨ ।

ਇਕ ਵਾਰ ਏਦਾ ਹੀ ਮੈਨੂੰ ਸਰਵਨਾਸ਼ ਹੋਣ ਤੋਂ ਬਚਾਇਆ, ਮੈਂ ਜ਼ਮੀਂਦਾਰ ਹਾਂ ਅਤੇ ਜ਼ਮੀਦਾਰਾਂ ਦੀਆ ਸ਼ਰੀਕਾਂ ਨਾਲ ਅਦਾਵਤਾਂ ਚਲੀਆਂ ਹੀ ਆਉਂਦੀਆਂ । ਮੇਰੇ ਨਾਲ ਵੀ ਮੇਰੇ ਸ਼ਰੀਕ ਬਹੁਤ ਈਰਖਾ ਕਰਦੇ, ਤਾਨੇ ਮਾਰਦੇ, ਬੋਲੀਆਂ ਮਾਰਦੇ ਕਿਉਂਕਿ ਉਹ ਬਹੁਤ ਸਨ ਤੇ ਮੈਂ ਇਕਲਾ ਸਾਂ ਮੈਂ ਉਹਨਾਂ ਦੇ ਮੇਹਣੇ ਤੇ ਬੋਲੀਆਂ ਸੁਣ ਸੁਣ ਕੇ ਤੰਗ ਆ ਗਿਆ ਹਾਂ ਤੇ ਇਕ ਦਿਨ ਮਨ ਵਿਚ ਪੱਕਾ ਫੈਸਲਾ ਕਰ ਲਿਆ ਕਿ ਅੱਜ ਰੋਜ ਰੋਜ਼ ਦੀ ਕਿੜ ਕਿੜ ਮੁਕਾ ਹੀ ਦੇਣੀ ਹੈ ।

ਮੈਂ ਅਪਣੀ ਪਕੀ ਰਾਈਫ਼ਲ ਲਈ ਜੋ ਥਿਰੀ ਨਾਟਥਿਰੀ ਦੀ ਸੀ ਨਾਲ ਢੇਰ ਸਾਰੀਆਂ ਗੋਲੀਆਂ ਲੈਕੇ ਘਰੋਂ ਤੁਰਪਿਆ ਮਨ ਵਿਚ ਇਹ ਪਕਾ ਇਰਾਦਾ ਕਰ ਲਿਆ ਸੀ ਕਿ ਅਜ ਜਾਂ ਤਾਂ ਸ਼ਰੀਕ ਇਸ ਦੁਨੀਆ ਵਿਚ ਰਹਿਣਗੇ ਜਾਂ ਮੈਂ ਰਹਾਂ ਗਾ । ਘਰੋਂ ਨਿਕਲ ਕੇ ਮੈਂ ਉਦੱਰ ਹੀ ਤੁਰ ਪਿਆ ਜਿਧਰ ਮੈਨੂੰ ਉਮੀਦ ਸੀ ਕਿ ਮੇਰੇ ਦੁਸ਼ਮਨ ਏਧਰ ਹੀ ਮਿਲਣਗੇ । ਕਾਫੀ ਦੂਰ ਜਾ ਕੇ ਮੈਂ ਦਰਖਤ ਦੀ ਆੜ ਲੈਕੇ ਅਪਣਾ ਮੋਰਚਾ ਬਣਾ ਕੇ ਬੈਹ ਗਿਆ,ਅਤੇ ਦੇਖੋ ਹੋਣੀ ਕੀ ਵਖਾਉਂਦੀ ਹੈ, ਥੋੜੀ ਦੇਰ ਹੀ ਇੰਤਜਾਰ ਕਰਨ ਦੇ ਬਾਦ ਉਹ ਪੰਜ ਛੇ ਆਦਮੀ ਜਿਨ੍ਹਾਂ ਵਾਸਤੇ ਮੈਂ ਘਰੋਂ ਨਿਕਲਿਆ ਸਾਂ ਆਉਂਦੇ ਦਿਸੇ ।

ਮੈਂ ਅਪਣੀ ਰਾਈਫਲ ਲੋਡ ਕੀਤੀ ਤੇ ਪੂਰੀਆਂ ਗੋਲੀਆਂ ਭਰ ਲਈਆਂ ਅਤੇ ਨਿਸ਼ਾਨਾ ਬਨ ਕੇ ਫਾਇਰ ਕਰ

ਦਿਤਾ ਪਰ ਬੰਦੂਕ ਮਾੜੀ ਦਹੀ ਠੁਸ ਹੋ ਕੇ ਰਹਿ ਗਈ। ਮੈਂ ਝਟਪਟ ਦੂਸਰੀ ਗੋਲੀ ਅਗੇ ਕਰਕੇ ਅਤੇ ਪਹਲੀ ਕਢਕੇ ਫਿਰ ਨਿਸ਼ਾਨਾ ਸਹੀ ਕਰਕੇ ਘੋੜਾ ਨਪ ਦਿਤਾ ਪਰ ਨਤੀਜਾ ਫਿਰ ਪਹਿਲਾਂ ਵਾਂਗ ਹੀ ਹੋਇਆ, ਗੋਲੀ ਫੇਰ ਨਾ ਚਲੀ।

ਇਸ ਤਰਾਂ ਮੇਰੇ ਸ਼ਰੀਕ ਵੀ ਕਾਫੀ ਨੇੜੇ ਆ ਗਏ। ਤੇ ਮੈਂ ਵੀ ਪੰਜ ਛੇ ਗੋਲੀਆਂ ਬਦਲ ਬਦਲ ਕੇ ਚਲਾਈਆਂ। ਪਰ ਕੁਝ ਨਾ ਬਣਿਆ। ਮੈਂ ਬੜਾ ਹੈਰਾਨ ਹੋਇਆ ਅਤੇ ਪਰੇਸ਼ਾਨ ਵੀ ਹੋਇਆ। ਹੈਰਾਨ ਇਸ ਲਈ ਕਿ ਰਾਈਫਲ ਕਿਉਂ ਨਹੀਂ ਨਹੀਂ ਚਲੀ ਜਦਕਿ ਮੈਂ ਇਸਨੂੰ ਰੋਜ ਸਾਫ ਕਰਦਾ ਹਾਂ ਅਤੇ ਗਾਹੇ ਬਗਾਹੇ ਚਲਾ ਕੇ ਵੀ ਵੇਖਦਾ ਹਾਂ। ਅਤੇ ਪਰੇਸ਼ਾਨ ਇਸ ਲਈ ਸਾਂ ਕਿ ਇਹ ਮੌਕਾ ਵੀ ਹਥੋਂ ਨਿਕਲ ਗਿਆ ਹੈ ਨਹੀਂ ਤਾਂ ਅਜ ਇਹ ਟੰਟਾ ਮੁਕਾ ਹੀ ਦੇਣਾ ਸੀ।

ਫੇਰ ਕਰੋਧ ਵਿਚ ਭਰੇ ਤੇ ਖਿਝੇ ਹੋਏ ਨੇ ਮਨ ਵਿਚ ਇਹ ਫੈਸਲਾ ਕੀਤਾ ਕਿ ਏਦਾਂ ਹੀ ਇਨਾਂ ਨਾਲ ਨਿਪਟ ਲੈਂਦਾ ਹਾਂ। ਫਿਰ ਮਨ ਵਿਚ ਸੋਚ ਆਈ ਕਿ ਇਹ ਪੰਜ ਛੇ ਹਨ ਮੈਂ ਕਲਾ ਹਾਂ, ਕਿਤੇ ਕੰਮ ਉਲਟ ਹੀ ਨਾ ਹੋ ਜਾਵੇ ਅਤੇ ਮੈਂ ਉਨਾਂ ਦੇ ਜਾਣ ਤੋਂ ਬਾਦ ਚੁਪ ਕਰਕੇ ਘਰ ਨੂੰ ਆ ਗਿਆ।

ਜਦ ਮੈਂ ਘਰ ਆਇਆ ਤਾਂ ਸਤਗੁਰੂ ਜੰਗ ਸਿੰਘ ਜੀ ਘਰ ਬਿਰਾਜਮਾਨ ਹਨ। ਤੇ ਮੇਰੀ ਸਿੰਘਣੀ ਉਹਨਾਂ ਨੂੰ ਰੋ ਰੋ ਕੇ ਦਸ ਰਹੀ ਸੀ ਕਿ ਮੈਂ ਕਿਸ ਕੰਮ ਲਈ ਘਰੋਂ ਗਿਆ ਹੋਇਆ ਹਾਂ, ਸਤਗੁਰੂ ਕਹਿ ਰਹੇ ਸਨ ਬੀਬੀ ਧੀਰਜ ਰਖ, ਗੁਰੂ ਭਲੀ ਕਰਗਾ। ਏਨੇ ਚਿਰ ਨੂੰ ਮੈਂ ਵੀ ਜਾ ਚਰਨਾ ਤੇ ਮਥਾ ਟੇਕਿਆ ਅਤੇ ਰਾਈਫਲ ਵੀ ਚਰਨਾਂ ਵਿਚ ਰਖ ਦਿਤੀ

ਦੀਨ ਦਿਆਲ ਨੇ ਸੁਖ ਸਾਂਦ ਪੁਛੀ ਅਤੇ ਕਹਿਣ ਲਗੇ ਸੁਣਾ ਭਾਈ ਕਿਥੋਂ ਆਇਆ ਹੈਂ, ਮੈਂ ਕੋਈ ਉਤਰ ਨਹੀਂ ਦਿਤਾ ਅਤੇ ਚੁਪਚਾਪ ਚਰਨਾਂ ਵਿਚ ਬੈਠ ਗਿਆ। ਸਤਗੁਰਾਂ ਰਾਈਫਲ ਫੜੀ ਤੇ ਕਿਹਾ ਲਿਆ ਖਾਂ ਅਸੀਂ ਚਲਾ ਕੇ ਵੇਖੀਏ ਜਦ ਓਨਾਂ ਕਢੀਆਂ ਹੋਈਆਂ ਗੋਲੀਆਂ ਚੋਂ ਇਕ ਭਰ ਕੇ ਗੋਲੀ ਅਕਾਸ਼ ਵਲ ਮੂੰਹ ਕਣਕੇ ਚਲਾਈ ਤਾਂ ਗੋਲੀ ਬੜੀ ਦੂਰ ਤਕ ਅਕਾਸ਼ ਵਲ ਉਡ ਗਈ, ਮੇਰੀ ਹੈਰਾਨੀ ਦੀ ਕੋਈ ਹਦ ਨਹੀਂ ਸੀ ਕਿ ਏ ਕਿਦਾਂ ਹੋ ਗਿਆ। ਫੇਰ ਸਚੇ ਪਾਤ-ਸ਼ਾਹ ਨੇ ਦੂਜੀ ਗੋਲੀ ਭਰਕੈ ਚਲਾਈ ਤਾਂ ਉਸਨੇ ਵੀ ਦੂਰ ਤਕ ਮਾਰ ਕੀਤੀ।

ਮੈਂ ਬੜਾ ਦੀਨ ਹੋਕੇ ਸਤਿਗੁਰਾਂ ਨੂੰ ਪੁਛਿਆ ਕਿ ਇਹ ਹੁਣ ਕਿਦਾਂ ਚਲ ਪਈ ਹੈ ਜਦ ਕਿ ਥੋੜੀ ਦੇਰ ਪਹਿਲਾਂ ਏ ਚਲਦੀ ਹੀ ਨਹੀਂ ਸੀ। ਸਤਗੁਰ ਹਸ ਪਏ ਅਤੇ ਕਹਿਣ ਲਗੇ ਭਾਈ ਜ਼ੇਹੜੇ ਸਾਡੇ ਹਨ ਅਸੀ ਸਦਾ ਉਨਾਂ ਦੇ ਅੰਗ ਸੰਗ ਹਾਂ ਗੁਰੂ ਅਤੇ ਸਿਖ ਦਾ ਪਿਆਰ ਬੜਾ ਡੂੰਗਾ ਹੈ। ਗੁਰੂ ਅਪਣੇ ਸਿਖ ਨੂੰ ਕਿਦਾਂ ਅਨੇ ਖੂਹ ਵਿਚ ਡਿਗਦਾ ਵੇਖ ਸਕਦਾ ਹੈ। ਜਦ ਏਨੇ ਬਚਨ ਹੋ ਚੁਕੇ ਤਾਂ ਮੈਂ ਅਪਣੀ ਸਿੰਘਣੀ ਨੂੰ ਪੁਛਿਆ ਕਿ ਸਚੇ ਪਾਤਸ਼ਾਹ ਕਦੋਂ ਆਏ ਸਨ ਤਾਂ ਉਸਨੇ ਮੈਨੂੰ ਦਸਿਆ ਤੇ ਸੁਣਕੇ ਮੈਂ ਹੈਰਾਨ ਹੋਇਆ ਕਿ ਜਦੋਂ ਤੁਸੀ ਘਰੋਂ ਬੰਦੂਕ ਲੈਕੇ ਨਿਕਲੀ ਸੀ ਤਦੋਂ ਹੀ ਮੈਂ ਸਤਗੁਰੂ ਜੰਗ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਸੀ ਤੇ ਮੇਰੀ ਅਰਦਾਸ ਦਰੋਪਤੀ ਵਾਂਗੂ ਝਟ ਮਨਜੂਰ ਹੋ ਗਈ।

ਜਦ ਤੁਸੀ ਬੂਹੇ ਤੋਂ ਬਾਹਰ ਨਿਕਲੇ ਸੀ ਤਾਂ ਥੋੜੀ ਹੀ ਦੇਰ ਪਿਛੋਂ ਸਤਗੁਰੂ ਵੀ ਆ ਗਏ ਤਾਂ ਮੈਂ ਏਨਾਂ ਨੂੰ

ਸਾਰੀ ਵਿਥਿਆ ਦਸ ਦਿਤੀ ਤਾਂ ਸਤਿਗੁਰਾਂ ਕਿਹਾ ਬੀਬੀ ਭਰੋਸਾ ਰਖੋਂ ਗੁਰੂ ਭਲੀ ਕਰੇਗਾ। ਉਸਤੋਂ ਬਾਦ ਜੋ ਕੁਝ ਹੋਇਆ ਉਹ ਤੁਸੀ ਜਾਣਦੇ ਹੀ ਹੋ। ਤਾਂ ਫਿਰ ਸਤਿਗੁਰਾਂ ਮੈਨੂੰ ਆਵਾਜ਼ ਦੇ ਕੇ ਆਖਿਆ ਲਿਆ ਭਾਈ ਪ੍ਰਸ਼ਾਦ ਛਕਾ ਬੀਬੀ ਦੀ ਅਰਦਾਸ ਨੇ ਤਾਂ ਸਾਨੂੰ ਪ੍ਰਸ਼ਾਦ ਵੀ ਛਕਣ ਨਹੀਂ ਦਿਤਾ।

ਲਿਆ ਹੁਣ ਪ੍ਰਸ਼ਾਦ ਛਕਾ। ਜੋ ਕੁਝ ਘਰ ਵਿਚ ਬਣਿਆ ਹੈ ਲਿਆ, ਕੋਈ ਉਚੇਚ ਕਰਨ ਦੀ ਲੋੜ ਨਹੀਂ। ਜੋ ਰੁਖਾ ਮਿਸਾ ਬਣਿਆ ਸੀ ਛਕ ਕੇ ਕਹਿਣ ਲਗੇ ਭਾਈ ਦਿਲ ਛੋਟਾ ਨਹੀਂ ਕਰੀਦਾ ਭਜਨ ਕਰਿਆ ਕਰ, ਸਬ ਠੀਕ ਹੋ ਜਾਏਗਾ ਅਤੇ ਅਜ ਤੋਂ ਸ਼ਰੀਕ ਵੀ ਤੇਰੇ ਅਗੇ ਨਿਓਂ ਕੇ ਚਲਣਗੇ।

ਅਜ ਤਕ ਖਾਲਸੇ ਦੀ ਚੜਦੀ ਕਲਾ ਹੈ, ਐਸਾ ਹੀ ਮੇਰਾ ਸਤਗੁਰੂ ਜੰਗ ਸਿੰਘ ਸਚਾ ਪਾਤਸ਼ਾਹ ਗਰੀਬਨਿਵਾਜ ਪਰਉਪਕਾਰੀ ਜਿਨਾਂ ਨੇ ਮੇਰੇ ਤੁਛ ਜੀਵਨ ਨੂੰ ਘੋਰ ਪਾਪ ਕਰਨ ਤੋਂ ਰੋਕਿਆ ਅਤੇ ਨਰਕਾਂ ਦੀ ਅਗ ਤੋਂ ਬਚਾਇਆ



ਬੜੇ ਚਿਰ ਦੀ ਗਲ ਹੈ ਸ੍ਰੀ ਮਾਤਾ ਫਤੇਹ ਕੌਰ ਜੀ ਚੜਾਈ ਕਰ ਗਏ ਸਨ ਤੇ ਉਨਾਂ ਦੇ ਨਮਿਤ ਪਾਠਾਂ ਦੇ ਭੋਗ ਪਏ ਅਤੇ ਬੜਾ ਵਡਾ ਮੇਲਾ ਹੋਇਆ ਅਸੀ ਵੀ ਪਿਛੋਂ ਏਸ ਮੇਲੇ ਵਾਸਤੇ ਚਲ ਪਏ ਅਤੇ ਰਸਤੇ ਵਿਚ ਸਾਡੇ ਪਿੰਡ ਦਾ ਇਕ ਜ਼ਿਮੀਂਦਾਰ ਸਿੰਘ ਜਿਸ ਦਾ ਮੈਂ ਨਾਮ ਭੁਲ ਗਿਆ ਹਾਂ, ਮਿਲਿਆ ਪੁਛਣ ਲਗਾ ਕਿਥੇ ਚਲੇ ਹੋ ਅਸਾਂ ਕਿਹਾ ਸਤਗੁਰੂ ਜੰਗ ਸਿੰਘ ਜੀ ਕੋਲ ਰੁਪਾਣੇ ਚਲੇ ਹਾਂ ਉਥੇ ਮੇਲਾ ਹੈ । ਉਹ ਕਹਿਣ ਲਗਾ ਕਿ ਮੈਂ ਵੀ ਚਲਾਂ ਅਸਾਂ ਕਿਹਾ ਭਾਈ ਚਲ ਸਾਨੂੰ ਕੀ ਇਤਰਾਜ ਹੈ ।

ਉਹ ਕਹਿਣ ਲਗੇ ਕਿ ਜੇ ਤਾਂ ਮੈਨੂੰ ਕੜਾਹ ਪ੍ਰਸ਼ਾਦਿ ਨਾਲ ਰਜਾ ਦਿਓ ਤਾਂ ਚਲਦਾ ਹਾਂ । ਸਾਨੂੰ ਪਤਾ ਸੀ ਕਿ ਇਹ ਵਡੀ ਪਰਾਤ ਕੜਾਹ ਪ੍ਰਸ਼ਾਦਿ ਵੀ ਖਾ ਜਾਂਦਾ ਹੈ । ਫੇਰ ਵੀ ਭੁਖਾ ਹੋ ਰਹਿ ਜਾਂਦਾ ਹੈ, ਅਸਾਂ ਕਿਹਾ ਕਿ ਅਸੀਂ ਇਦਾਂ ਕਰ ਸਕਦੇ ਹਾਂ ਕਿ ਆਪਣਾ ਹਿਸਾ ਵੀ ਤੈਨੂੰ ਦੇ ਦਿਆਂਗੇ । ਬਾਕੀ ਤੇਰੇ ਰਜਣ ਦੇ ਜੁਮੇਵਾਰ ਅਸੀ ਨਹੀਂ ਬਣਦੇ ਤੇ ਉਹ ਸਾਡੇ ਨਾਲ ਹੀ ਰੁਪਾਣੇ ਆ ਗਿਆ ।

ਜਦ ਭੋਗ ਪਿਆ ਤਾਂ ਲੰਗਰ ਵਰਤਣ ਲਗਾ ਅਤੇ ਮੇਰੇ ਚੋਜੀ ਪ੍ਰੀਤਮ ਸਤਗੁਰੂ ਜੰਗ ਸਿੰਘ ਜੀ ਕੜਾ ਪ੍ਰਸ਼ਾਦ ਆਪ ਵਰਤਾਓਣ ਲਗ ਪਏ, ਸਭ ਵਾਂਗੂ ਇਕੋ ਜਿਹਾ ਹੀ ਵਰਤਾਰਾ ਦਿਤਾ ।

ਉਸ ਸਿਖ ਨੂੰ ਵੀ ਦੇ ਗਏ ਅਤੇ ਨਾਲੇ ਕਿਹਾ ਭਾਈ ਅਸੀ ਇਕੋ ਹੀ ਵਰਤਾਰਾ ਦੇਂਦੇ ਹਾਂ ਅਤੇ ਸਿਖ ਦੀ ਭੁਖ ਨਹੀਂ ਰਹਿਣ ਦੇਂਦੇ । ਜਦ ਸਾਰੇ ਲੰਗਰ ਛਕ ਕੇ ਪ੍ਰਸਨ ਹੋ ਕੇ ਉਠ ਬੈਠੇ ਤਾਂ ਉਸ ਸਿਖ ਤੋਂ ਅਜੇ ਤਕ ਉਹ ਕੜਾਹ

ਪ੍ਰਸ਼ਾਦਿ ਨਹੀਂ ਸੀ ਮੁਕਾ ਅਤੇ ਕਹਿ ਰਿਹਾ ਸੀ ਕਿ ਢਿਡ ਤਾਂ ਭਰ ਗਿਆ ਹੈ ਪਰ ਇਹ ਥੋੜਾ ਜਿਹਾ ਬਚ ਹੀ ਗਿਆ ਹੈ। ਇਹ ਖਾਧਾ ਨਹੀਂ ਜਾਂਦਾ।

ਅਸਾਂ ਕਿਹਾ ਕਿ-ਤੂੰ ਤਾਂ ਕਹਿੰਦਾ ਸੀ ਕਿ ਮੈਨੂੰ ਕੜਾਹ ਪ੍ਰਸ਼ਾਦ ਨਾਲ ਰਜਾਉਣ ਵਾਲਾ ਅਜੇ ਤਕ ਕੋਈ ਨਹੀਂ ਜ਼ਮਿਆ। ਹੁਣ ਛਕ ਲੈ ਅਤੇ ਭੁਖ ਦੂਰ ਕਰ ਲੈ। ਪਰ ਉਹ ਕੜਾਹ ਪ੍ਰਸ਼ਾਦ ਉਸ ਕੋਲ ਮੁਕੇ ਹੀ ਨਾ, ਜਿਨਾਂ ਖਾਂਦਾ ਸੀ ਉਨਾਂ ਉਹ ਵਧਦਾ ਜਾਂਦਾ ਸੀ। ਓੜਕ ਉਨਾਂ ਵਰਤਾਰਾ ਜਿਨਾਂ ਉਨੂੰ ਸਤਗੁਰਾਂ ਨੇ ਦਿਤਾ ਸੀ, ਲੈਕੇ ਬਾਹਰ ਆ ਗਿਆ। ਆਕੇ ਕਹਿਣ ਲਗਾ ਅਜ ਤਾਂ ਪ੍ਰਸੰਨ ਹ ਗਿਆ ਹਾਂ। ਅਤੇ ਉਸਨੇ ਬੜੀ ਨਿਮਰਤਾ ਨਾਲ ਸਤਗੁਰਾਂ ਨੂੰ ਮੱਥਾ ਟੇਕਿਆ, ਧਨ ਹੈ ਮੇਰਾ ਸਤਗੁਰੂ ਜੰਗ ਸਿੰਘ ਜੀ ਜਿਨਾਂ ਨੇ ਨੀਚੋਂ ਉਚ ਕੀਤੇ ਅਜਲਾਂ ਦੇ ਭੁਖਿਆਂ ਦੀ ਭੁਖ ਦੂਰ ਕੀਤੀ ਅਤੇ ਕੰਗਲਾਂ ਤੋਂ ਸ਼ਾਹ ਬਣਾਏ।

ਫਿਰ ਓਸ ਸਿਖ ਨੇ ਅਰਜ਼ ਕੀਤੀ ਸਚੇ ਪਾਤਸ਼ਾਹ ਮੈਨੂੰ ਭਜਨ ਦੀ ਦਾਤ ਦਿਓ। ਸਤਿਗੁਰਾਂ ਇਕ ਸਿਖ ਨੂੰ ਕਿਹਾ ਭਾਈ ਇਹਨੂੰ ਭਜਨ ਦੇ ਦਿਓ। ਸਿਖ ਨੇ ਭਜਨ ਲਿਆ ਅਤੇ ਗੁਰੂ ਕਾ ਸਿਖ ਬਣਿਆ।

ਸਤਗੁਰੂ ਜੰਗ ਸਿੰਘ ਜੀ ਨੇ ਓਸ ਸਿਖ ਦੀਆਂ ਤਿਨਾਂ ਜਨਮਾਂ ਦੀਆਂ ਭੁਖਾਂ ਕਢ ਦਿਤੀਆਂ ਅਤੇ ਅਜ ਤਕ ਉਹ ਘਰਾਨਾ ਖੁਸ਼ਹਾਲ ਚਲਿਆ ਆਂਵਦਾ ਹੈਂ, ਅਗੇ ਗੁਰਦਿਆਲ ਸਿੰਘ ਨੇ ਬਚਨ ਕਰਦਿਆਂ ਦਸਿਆਂ, ਬਹੁਤ ਚਿਰ ਦੀ ਗਲ ਹੈ ਸਤਗੁਰੂ ਜੰਗ ਸਿੰਘ ਜੀ ਸਾਡੇ ਪਿੰਡ ਅਬਲੂ ਦੇ ਨੇੜੇ ਦੇ ਪਿੰਡ ਵਿਚ ਆਏ ਤੇ ਸਿਖਾਂ ਦੀ ਅਰਜ ਮਨ ਕੇ ਘਰੋ ਘਰੀ

ਚਰਨ ਪਾਉਣੇ ਅਤੇ ਲੰਗਰ ਕਰਨਾ ਸ਼ੁਰੂ ਕਰ ਦਿਤਾ।

ਰੋਜ ਲੰਗਰ ਤੋਂ ਪਹਿਲੇ ਦੀਵਾਨ ਸਜਦਾ ਜਾਣੋ ਮੇਲਾ ਭੀ ਬਣ ਜਾਂਦਾ। ਮੇਰੀ ਅਵਸਥਾ ਉਦੋਂ ਛੋਟੀ ਹੀ ਸੀ ਤੇ ਸ਼ਰਧਾ ਮਨ ਵਿਚ ਬਹੁਤ ਉਠਦੀ ਕਿ ਮੈਂ ਵੀ ਲੰਗਰ ਦੀ ਅਰਜ਼ ਕਰਾਂ। ਝਕਦਾ ਸਾਂ ਕਿਤੇ ਅਰਜ ਨਾਮਨਜ਼ੂਰ ਹੋ ਜਾਵੇ

ਇਕ ਦਿਨ ਮੈਂ ਹੌਸਲਾ ਕਰਕੇ ਦਿਵਾਨ ਵਿਚ ਖੜਾ ਹੋ ਇਆ ਤੇ ਸਤਗੁਰਾਂ ਮੇਰੇ ਬੋਲਣ ਤੋਂ ਪਹਿਲਾਂ ਹੀ ਕੈਹ ਦਿਤਾ ਚੰਗਾ ਭਾਟੀ ਅਗਲੇ ਮਹੀਨੇ ਅਸੀ ਤੇਰੇ ਘਰ ਮੇਲਾ ਕਰਨਾ ਹੈ ਤੇ ਦਿਨ ਵੀ ਦਸ ਦਿਤਾ। ਮੈਂ ਖੁਸ਼ੀ ਖੁਸ਼ੀ ਘਰ ਆਇਆ ਤੇ ਅਪਣੇ ਬਾਪ ਨੂੰ ਸਾਰੀ ਗਲ ਦਸ ਦਿਤੀ। ਮੇਰਾ ਬਾਪ ਬੜਾ ਖੁਸ਼ ਹੋਇਆ ਪਰ ਮੇਰਾ ਚਾਚਾ ਕਹਿਣ ਲਗਾ ਅਗਲੇ ਮਹੀਨੇ ਮੇਲਾ ਕਿਦਾਂ ਹੋ ਸਕਦਾ ਹੈ, ਵਾਢੀਆਂ ਦੇ ਦਿਨ ਹਨ, ਇਸਦੇ ਬਾਵਜੂਦ ਮਾਇਆ ਦੀ ਕਾਫੀ ਕਮੀ ਹੈ ਤੂੰ ਕੁਝ ਸੋਚ ਕੇ ਅਰਜ਼ ਕਰਨੀ ਸੀ, ਜਾਂ ਮੇਰੇ ਕੋਲੋਂ ਪੁਛ ਲੈਣਾ ਸੀ। ਪਰ ਮੇਰੇ ਬਾਪ ਨੇ ਮੈਨੂੰ ਹੌਸਲਾ ਦਿਤਾ ਉਹ ਜੋ ਬਰਾਨੀ ਜਮੀਨ ਵਿਚ ਜੌ ਬੀਜੇ ਹਨ ਉਨਾਂ ਨੂੰ ਵਢ ਕੇ ਮੰਡੀ ਲੈ ਜਾ ਤੇ ਮੇਲੈ ਦਾ ਅਰੰਭ ਕਰ ਦੇ। ਗੁਰੂ ਤੇ ਭਰੋਸਾ ਰਖ ਉਹ ਸਭ ਕੰਮ ਰਾਸ ਕਰੇਗਾ।

ਮੈਂ ਏਦਾਂ ਹੀ ਕੀਤਾ, ਜੌਂ ਵਢ ਕੇ ਅਤੇ ਦਾਣੇ ਕਢ ਕੇ ਮੰਡੀ ਲੈ ਗਿਆ ਅਤੇ ਸਾਰੇ ਮੰਡੀ ਵਾਲੇ ਆਂੜਤੀ ਮੇਰੇ ਦਾਣਿਆਂ ਦੀਆਂ ਬੋਰੀਆਂ ਕੋਲ ਆ ਖਲੋਤੇ ਤੇ ਲਗੇ ਸਿਫਤਾਂ ਕਰਨ ਕਿ ਇਹੋ ਜਿਹੇ ਜੌ ਤਾਂ ਅਸਾਂ ਵੇਖੇ ਹੀ ਨਹੀਂ, ਕਿਨੇ ਮੋਟੇ ਤੇ ਕਿਨੇ ਸੋਹਣੇ ਜੌਂ ਹਨ।

ਮੈਂ ਵੇਖ ਵੇਖ ਕੇ ਹੈਰਾਨ ਹੋ ਰਿਹਾ ਸਾਂ ਕਿ ਜੌ ਤਾਂ

ਕੋਈ ਅਲਗ ਕਿਸਮ ਦੇ ਨਹੀਂ ਪਰ ਇਹਨਾਂ ਮੰਡੀ ਵਾਲਿਆਂ ਨੂੰ ਕੀ ਵਾਧਾ ਦਿਸਦਾ। ਅਖੀਰ ਮੇਰੇ ਜੌਂ ਸਭ ਤੋਂ ਉਚੀ ਬੋਲੀ ਵਿਚ ਵਿਕੇ ਅਤੇ ਤੋਲ ਵਿਚ ਵੀ ਅੰਦਾਜੇ ਨਾਲੋਂ ਦਸ ਗੁਣਾ ਵਧ ਨਿਕਲੇ।

ਮੈਂ ਰਕਮ ਲੈ ਕੇ ਖੁਸ਼ੀ ਖੁਸ਼ੀ ਘਰ ਆਇਆ ਅਤੇ ਅਪਣੇ ਬਾਪ ਨੂੰ ਸਾਰੀ ਗਲ ਦਸੀ ਤਾਂ ਮੇਰਾ ਬਾਪ ਕਹਿਣ ਲਗਾ ਇਹ ਸਾਰੀ ਸਤਗੁਰੂ ਜੰਗ ਸਿੰਘ ਜੀ ਦੀ ਕਿਰਪਾ ਹੈ ਮੈਂ ਮੇਲੇ ਦਾ ਬੰਦੋਬਸਤ ਕਰਨ ਲਗ ਪਿਆ।

ਸਾਰਾ ਕਮ ਕਰਨ ਤੋਂ ਬਾਦ ਘਿਓ ਦੀ ਮੁਸ਼ਕਲ ਬਣ ਗਈ। ਸਾਰਾ ਚਾਰਾ ਕਰਨ ਤੋਂ ਵੀ ਸਿਰਫ ਚਾਰ ਸੇਰ ਘਿਓ ਹੀ ਕਠਾ ਹੋਇਆ। ਮੈਂ ਬੜਾ ਪਰੇਸ਼ਾਨ ਹੋਇਆ ਪਰ ਕੀਹ ਹੋ ਸਕਦਾ ਸੀ।

ਆਖਰ ਮੇਲੇ ਵਾਲਾ ਦਿਨ ਵੀ ਆ ਗਿਆਂ ਤੇ ਸਤ-ਗੁਰੂ ਜੰਗ ਸਿੰਘ ਜੀ ਵੀ ਸਾਡੇ ਘਰ ਆ ਗਏ ਤੇ ਮੈਨੂੰ ਪੁਛਿਆ ਕਿ ਕਿਸੇ ਚੀਜ ਦੀ ਕਮੀ ਤਾਂ ਨਹੀਂ, ਮੈਂ ਅਰਜ ਕੀਤੀ ਸਚੇ ਪਾਤਸ਼ਾਹ ਹੋਰ ਤਾਂ ਸਭ ਆਪ ਦੀ ਕ੍ਰਿਪਾ ਹੈ ਪਰ ਦੇਸੀ ਘਿਓ ਸਿਰਫ ਚਾਰ ਸੇਰ ਹੀ ਮਿਲਿਆ ਹੈ।

ਸਤਗੁਰ ਕਹਿਨ ਲਗੇ ਫਿਕਰ ਨ ਕਰ, ਘਿਓ ਨੂੰ ਸਾਡੇ ਕੋਲ ਲਿਆ। ਮੈਂ ਘਿਓ ਸਤਗੁਰਾਂ ਕੋਲ ਲੈ ਆਇਆ, ਵੇਖ ਕੇ ਕਹਿਣ ਲਗੇ ਇਨਾਂ ਹੀ ਬੜਾ ਹੈ। ਇਹਨੂੰ ਢਕ ਕੇ ਲੰਗਰ ਵਿਚ ਰਖ ਦਿਓ ਉਤੇ ਸੁਚਾ ਕਪੜਾ ਪਾ ਦਿਓ। ਇਹ ਕਪੜਾ ਉਤੋਂ ਲਾਹੁਣਾ ਨਹੀਂ ਅਤੇ ਖੁਲਾ ਵਰਤਾਓ। ਸਤ-ਗੁਰ ਬਰਕਤ ਪਾਏਗਾ।

ਅਸਾਂ ਏਦਾਂ ਹੀ ਕੀਤਾ ਤੇ ਲੰਗਰ ਅਰੰਭ ਹੋ ਗਿਆ ਬਹੁਤ ਸਾਰਾ ਕੜਾ ਪ੍ਰਸ਼ਾਦਿ ਵੀ ਬਣਿਆ ਹੋਰ ਲੰਗਰ ਵਿਚ ਵੀ ਬਹੁਤ ਵਰਤਿਆ, ਸ਼ਾਮ ਤਕ ਸੰਗਤ ਛਕਦੀ ਰਹੀ।

ਜਦ ਸਮਾਪਤੀ ਹੋਈ ਤਾਂ ਕੀ ਵੇਖਿਆ ਕਿ ਘਿਓ ਉਨੇ ਦਾ ਉਨਾ ਹੀ ਟੀਨ ਵਿਚ ਪਿਆ ਹੈ ਤੇ ਹੋਰ ਅਨ ਪਾਣ ਬਹੁਤ ਵਧ ਗਿਆ ਹੈ। ਸਚੇ ਪਾਤਸ਼ਾਹ ਕਹਣ ਲਗੇ ਇਹ ਜੋ ਲੰਗਰ ਵਧ ਗਿਆ ਹੈ ਇਨੂੰ ਪਿੰਡ ਵਿਚ ਘਰੋ ਘਰੀ ਵੰਡ ਦਿਓ ਤੇ ਚੂਹੜਿਆਂ ਦੇ ਮੁਹੱਲੇ ਬਹੁਤਾ-ਬਹੁਤਾ ਦੇਣਾ। ਅਸਾਂ ਇਸੇ ਤਰਾਂ ਹੀ ਕੀਤਾ।

ਐਸਾ ਸੀ ਮੇਰਾ ਚੋਜੀ ਪ੍ਰੀਤਮ ਜਿਸਨੇ ਮੇਰੇ ਵਰਗੇ ਗਰੀਬ ਸਿਖ ਦੀ ਪਤ ਰਖੀ। ਦੂਰ ਦੂਰ ਤਕ ਪਿੰਡਾਂ ਵਿਚ ਜੈ ਜੈ ਕਾਰ ਕਰਵਾਈ। ਸੰਤਗੁਰ ਦੇ ਆਪਣਾ ਕਾਰਜ ਆਪ ਹੀ ਕੀਤਾ ਤੇ ਵਡਿਆਈ ਅਪਣੇ ਸਿਖ ਦੀ ਕਰਵਾਈ।



ਲਖ ਖੁਸ਼ੀਆਂ ਪਾਤਸ਼ਾਹੀਆਂ ਜੇ ਸਤਗੁਰ ਨਦਰ ਕਰੇ

ਸੰਤ ਗਿਆਨ ਸਿੰਘ ਜੀ ਬਲੋਂਵਾਲੀ ਸ੍ਰੀ ਮਹਾਰਾਜ ਜੰਗ ਸਿੰਘ ਜੀ ਦੇ ਅਤੁਟ ਸ਼ਰਧਾ ਰਖਣ ਵਾਲਿਆਂ ਚੋਂ ਹਨ ਸ਼ਰਧਾ ਵੀ ਗੁਰੂ ਆਪ ਹੀ ਬਣਾਉਂਦਾ ਹੈ ਸਿਖ ਵਿਚਾਰੇ ਦੀ ਕੀਹ ਹਿਮਤ ਹੈ। ਜੇ ਗੁਰੂ ਸਾਂਗ ਵਰਤੇ ਤੇ ਸਿਖ ਅਡੋਲ ਰਹੇ

ਸੰਤ ਗਿਆਨ ਸਿੰਘ ਹੁਰਾਂ ਦਸਿਆ ਕਿ ਇਹ ਗਲ ੧੯੫੨ ਦੀ ਹੈ। ਸਤਿਗੁਰ ਜੰਗ ਸਿੰਘ ਜੀ ਦਿਲੀ ਸ੍ਰ. ਆਤਮਾ ਸਿੰਘ ਦੀ ਕੋਠੀ ਪ੍ਰਤਾਪ ਬਾਗ ਆਏ ਹੋਏ ਸਨ, ਮੈਂ ਵੀ ਉਨਾਂ ਦੇ ਦਰਸ਼ਨਾਂ ਲਈ ਗਿਆ, ਜਦ ਮੈਂ ਸਤਗੁਰੂ ਜੰਗ ਸਿੰਘ ਜੀ ਦੇ ਦਰਸ਼ਨ ਕੀਤੇ ਤਾਂ ਅਜੀਬ ਜਿਹਾ ਅਨੁ-ਭਵ ਹੋਇਆ। ਜਿਦਾਂ ਕੋਈ ਚਿਰਾਂ ਤੋਂ ਵਿਛੜੀ ਹੋਈ ਰੂਹ ਮਿਲ ਪੈਂਦੀ ਹੈ ਤੇ ਮੇਰੀ ਅਜਲਾਂ ਦੀ ਲਗੀ ਹੋਈ ਪਿਆਸ ਦਰਸ਼ਨ ਕਰਨ ਨਾਲ ਹੀ ਤ੍ਰਿਪਤ ਹੁੰਦੀ ਜਾਪੀ।

ਮੈਂ ਚਰਨਾਂ ਤੇ ਮਥਾ ਟੇਕਿਆ ਸਤਗੁਰਾਂ ਨੇ ਸੁਖ ਸਾਂਦ ਪੁਛੀ ਮਨ ਗਦ ਗਦ ਹੋ ਗਿਆ, ਮੈਂ ਕਾਫੀ ਦੇਰ ਐਮ੍ਰਤ ਦੇ ਸੋਮੇ ਤੇ ਚਾਨਣ ਦੇ ਮੁਨਾਰੇ ਕੋਲ ਬੈਠਾ ਰਿਹਾ ਤੇ ਮੈਨੂੰ ਅਪਣੇ ਜਨਮਾਂ ਦੇ ਕੀਤੇ ਹੋਏ ਪਾਪ ਮਿਟਦੇ ਹੋਏ ਦਿਸਣ ਲਗ ਪਏ। ਐਸੀ ਅਲੋਕਿਕ ਦੁਨਿਆ ਵਿਚ ਮੈਂ ਕਾਫੀ ਦੇਰ ਤਕ ਉਡਾਰੀਆਂ ਲਾਉਂਦਾ ਰਿਹਾ ਤੇ ਅਨੰਦ ਮਾਣਦਾ ਰਿਹਾ।

ਫਿਰ ਮੈਂ ਉਠ ਕੇ ਜਦ ਤੁਰਨ ਲਗਾ ਮੈਨੂੰ ਇੰਜ ਲਗਾ ਜਿਵੇਂ ਸਤਗੁਰਾ ਦੀ ਦੇਹ ਕੁਝ ਢਿਲੀ ਹੈ, ਜਾਂ ਮੈਨੂੰ ਹੀ ਬਿਮਾਰ ਜਹੇ ਜਾਪੇ। ਮੈਂ ਦਿਲ ਵਿਚ ਸੋਚਿਆ ਕਿਉਂ ਨ ਇਨਾਂ ਦੇ ਸਰੀਰ ਦੀ ਅਰੋਗਤਾ ਵਾਸਤੇ ਵਰਨੀਆਂ ਕੀਤੀਆਂ ਜਾਣ। ਮੈਂ ਸਤਗੁਰਾਂ ਅਗੇ ਅਪਣੇ ਮਨ ਦੀ ਇਛਾ ਪ੍ਰਗਟ ਕੀਤੀ ਤੇ ਹਜ਼ੂਰ ਨੇ ਵੀ ਪ੍ਰਵਾਨਗੀ ਦੇ ਦਿਤੀ।

ਮੈਂ ਅਪਣੇ ਘਰ ਨਾਮਧਾਰੀ ਕਾਲੋਨੀ ਆ ਕੇ ਕੁਝ ਸਿਖਾਂ ਨਾਲ ਸਲਾਹ ਕਰਕੇ ਵਰਨੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਰੋਜ ਵਰਨੀ ਹੁੰਦੀ ਤੇ ਕਾਫੀ ਸਿਖ ਵਰਨੀ ਵਿਚ

ਆਉਂਦੇ। ਵਰਨੀ ਦੇ ਭੋਗ ਤੋਂ ਬਾਦ ਮੈਂ ਪ੍ਰਸ਼ਾਦ ਲੈਕੇ ਸ੍ਰੀ ਮਹਾਰਾਜ ਜੰਗ ਸਿੰਘ ਜੀ ਕੋਲ ਜਾਂਦਾ ਤੇ ਵਰਨੀ ਦਾ ਪ੍ਰਸ਼ਾਦ ਸਚੇ ਪਾਤਸ਼ਾਹ ਨੂੰ ਦੇਂਦਾ।

ਇਸ ਤਰਾਂ ਕਈ ਦਿਨ ਵਰਨੀਆਂ ਹੁੰਦੀਆਂ ਰਹੀਆਂ। ਤੇ ਮੈਂ ਰੋਜ ਪ੍ਰਸ਼ਾਦਿ ਲੈਕੇ ਹਜ਼ੂਰ ਕੋਲ ਜਾਂਦਾ। ਇਕ ਦਿਨ ਵਰਨੀ ਕਬੀਰ ਦੇ ਘਰ ਸੀ ਉਹਨਾਂ ਦਾ ਨਾਂ ਤਾਂ ਸੰਤ ਇੰਦਰ ਸਿੰਘ ਹੈ ਪਰ ਭਜਨ ਬੰਦਗੀ ਵਿਚ ਹਰ ਵੇਲੇ ਲੀਨ ਰਹਿਣ ਕਰਕੇਂ ਉਹਨਾਂ ਦਾ ਤਖੱਲਸ ਕਬੀਰ ਜੀ ਹੈ। ਤੇ ਰਹਿੰਦਾ ਵੀ ਸਾਡੇ ਕੋਲ ਨਾਮਧਾਰੀ ਕਲੋਨੀ ਵਿਚ ਹੀ ਹੈ

ਜਦ ਉਹਨਾਂ ਦੇ ਘਰ ਵਰਨੀ ਹੋ ਰਹੀ ਸੀ ਇਕ ਸਿਖ ਮਸਤਾਨਾ ਹੋ ਗਿਆ, ਜਿਸਦਾ ਨਾਂ ਸੂਬਾ ਬਲਵੰਤ ਸਿੰਘ ਹੈ ਅਤੇ ਉਸਦਾ ਪਿਛਲਾ ਪਿੰਡ ਗੀਗੇ ਵਾਲੀ ਹੈ। ਉਸ ਨੇ ਮਸਤਾਨੀ ਬਿਰਤੀ ਵਿਚ ਹੀ ਲਾਗੇ ਹੀ ਖੂਹ ਸੀ ਉਸ ਵਿਚ ਛਾਲ ਮਾਰ ਦਿਤੀ।

ਅਸਾਂ ਦੌੜ ਕੇ ਰੱਸੇ ਵਗੈਰਾ ਲਿਆ ਕੇ ਖੂਹ ਵਿਚੋਂ ਕਢਿਆ ਤੇ ਪੁਛਿਆ ਕਿ ਸੰਤ ਜੀ ਕਿਤੇ ਸਟ ਤਾਂ ਨਹੀਂ ਲਗੀ, ਜਦ ਉਸਨੇ ਕਿਹਾ ਕਿ ਮੈਂ ਬਿਲਕੁਲ ਠੀਕਠਾਕ ਹਾਂ ਤਾਂ ਸਾਰੀ ਸਾਧ ਸੰਗਤ ਬਹੁਤ ਖੁਸ਼ ਹੋਈ ਅਤੇ ਮਹਾਰਾਜ ਦਾ ਸ਼ੁਕਰਾਨਾ ਕੀਤਾ ਅਤੇ ਭਲੇ ਦੀ ਅਰਦਾਸ ਕੀਤੀ।

ਜਦ ਮੈਂ ਰੋਜ ਦੀ ਤਰਾਂ ਉਸ ਦਿਨ ਵੀ ਪ੍ਰਸ਼ਾਦ ਲੈਕੇ ਸਤਿਗੁਰਾਂ ਕੋਲ ਪੁਜਾ ਤਾਂ ਸਤਗੁਰ ਕੋਠੀ ਦੇ ਅਗਲੇ ਪਾਸੇ ਬਾਗ ਵਿਚ ਹੀ ਟਹਿਲ ਰਹੇ ਸਨ। ਮੈਂ ਜਾਕੇ ਚਰਨਾਂ ਤੇ ਮਥਾ ਟੇਕਿਆ ਤਾਂ ਸਚੇ ਪਾਤਸ਼ਾਹ ਮੈਨੂੰ ਪੁਛਿਆ ਸੁਣਾ

ਸਿਖ ਨੂੰ ਕੋਈ ਸਟ ਤਾਂ ਨਹੀਂ ਲਗੀ ਉਹ ਠੀਕ ਠਾਕ ਹੈ ਨਾਂ ਮੈਂ ਅਰਜ ਕੀਤੀ ਹਾਂ ਸਚੇ ਪਾਤਸ਼ਾਹ ਉਹ ਸਿਖ ਠੀਕ ਠਾਕ ਹੈ ਤਾਂ ਸਤਗੁਰ ਮੁਸਕਰਾ ਕੇ ਅੰਦਰ ਨੂੰ ਚਲੇ ਗਏ।

ਮੈਂ ਭਾਈ ਆਲਾ ਸਿੰਘ ਹੁਰਾਂ ਨੂੰ ਪੁਛਿਆ ਭਾਈ (ਆਲਾ ਸਿੰਘ ਹੁਰੀ ਪਾਤਸ਼ਾਹਾਂ ਦੇ ਹਜ਼ੂਰੀ ਸੇਵਾਦਾਰ ਹਨ। ਅਤੇ ਪੂਰਨ ਸਿਦਕੀ ਸਿਖ ਸਨ) ਕਿ ਮੇਰੇ ਤੋਂ ਪਹਿਲਾਂ ਕੋਈ ਸਿਖ ਇਥੇ ਆਇਆ ਹੈ. ਜਿਸਨੇ ਉਸ ਘਟਨਾ ਬਾਰੇ ਜ਼ਿਕਰ ਕੀਤਾ ਹੋਵੇ। ਭਾਈ ਆਲਾ ਸਿੰਘ ਜੀ ਕਹਿਣ ਲਗੇ ਕਿ ਤੇਰੇ ਤੋਂ ਪਹਿਲਾਂ ਤਾਂ ਨਾਮਧਾਰੀ ਕਲੋਨੀ ਚੋਂ ਕੋਈ ਸਿਖ ਨਹੀਂ ਆਇਆ।

ਮੈਂ ਬੜਾ ਹੈਰਾਨ ਹੋਇਆ ਕਿ ਸਤਗੁਰਾਂ ਨੂੰ ਕਿਵੇਂ ਪਤਾ ਲਗ ਗਿਆ ਕਿ ਉਥੇ ਕੀ ਘਟਨਾ ਹੋਈ ਹੈ ਅਤੇ ਮੈਂ ਭਾਈ ਆਲਾ ਸਿੰਘ ਹੁਰਾਂ ਨੂੰ ਸਵੇਰ ਦੀ ਵਰਨੀ ਵਾਲੀ ਸਾਕੀ ਘਟਨਾ ਦਸੀ ਤਾਂ ਭਾਈ ਆਲਾ ਸਿੰਘ ਜੀ ਕਹਿਣ ਲਗੇ, ਉ ਭੋਲਿਆ ਤੂ ਸਤਿਗੁਰਾਂ ਨੂੰ ਕੀਹ ਸਮਝਦਾ ਹੈ ਏਹ ਤੀਨ ਲੋਕ ਦੇ ਮਾਲਕ ਸਮਰਥ ਪੁਰਖ ਹਨ।

ਅਕਾਲ ਪੁਰਖ ਦਾ ਰੂਪ ਹੀ ਸਮਝ, ਇਹ ਤਾਂ ਅਪਣੇ ਸਿਖਾਂ ਦੇ ਅੰਗ ਸੰਗ ਹੀ ਰਹਿੰਦੇ ਹਨ। ਇਹ ਜੋ ਘਟਨਾ ਤੂ ਦਸੀ ਹੈ ਇਸ ਬਾਰੇ ਤਾਂ ਉਹ ਅਮ੍ਰਿਤ ਵੇਲੇ ਦੇ ਹੀ ਬਾਗ ਵਿਚ ਟੈਹਲ ਰਹੇ ਹਨ ਤੂੰ ਹੁਣ ਆਇਆ ਹੈਂ ਤਾਂ ਅੰਦਰ ਗਏ ਹਨ

ਭਾਈ ਗਿਆਨ ਸਿੰਘਾ ਸਿਖ ਜਦ ਘਰੋਂ ਸਤਗੁਰਾਂ ਦੇ ਦਰਸ਼ਨ ਕਰਨ ਲਈ ਚਲਦਾ ਹੈ ਤੇ ਹਜੂਰ ਸਾਨੂੰ ਪਹਿਲਾਂ ਹੀ ਕੈਹ ਦੇਂਦੇ ਹਨ ਕਿ ਭਾਈ ਸਿਖ ਆ ਰਿਹਾ ਹੈ ਤੇ ਉਸਦਾ ਨਾਂ ਭੀ ਦਸਦੇ ਹਨ ਤੇ ਕਹਿੰਦੇ ਹਨ ਜਾਓ ਉਸ ਸਿਖ ਨੂੰ

ਸਟੇਸ਼ਨ ਜਾਂ ਬਸ ਅੱਡੇ ਤੋਂ ਲੈ ਆਓ। ਇਹ ਬਚਨ ਸੁਣਕੇ ਮੇਰੀ ਸ਼ਰਧਾ ਅਤੁਟ ਹੋ ਗਈ ਤੇ ਮੈਂ ਦੌੜ ਕੇ ਸਤਗੁਰੂ ਜੰਗ ਸਿੰਘ ਜੀ ਦੇ ਚਰਨਾਂ ਤੇ ਆ ਡਿਗਾ।

ਸਤਗੁਰ ਮੇਹਰ ਦੇ ਘਰ ਵਿਚ ਆਏ ਤੇ ਮੈਨੂੰ ਕਿਹਾ ਭਾ: ਗਿਆਨ ਸਿੰਘਾ ਤੇਰੀ ਸੇਵਾ ਕਬੂਲ ਹੋਈ,ਤੈਨੂੰ ਗੁਰੂ ਦੀਆਂ ਖੁਸ਼ੀਆਂ ਤੇ ਤੈਨੂੰ ਕੋਈ ਘਾਟਾ ਨਹੀਂ ਰਹੇਗਾ। ਤੂ ਪਾਤਸ਼ਾਹੀ ਕਰੇਂਗਾ।

ਮੈਂ ਸਤਗੁਰਾਂ ਤੋਂ ਇਹ ਵਰਦਾਨ ਲੈਕੇ ਘਰ ਆਇਆ ਅਤੇ ਉਦੋਂ ਤੋਂ ਹੀ ਖਾਲਸੇ ਦੀ ਚੜਦੀ ਕਲਾ ਹੈ। ਸਤਗੁਰੂ ਜੰਗ ਸਿੰਘ ਜੀ ਦੀ ਅਪਾਰ ਕਿਰਪਾ ਦੁਆਰਾ ਕਿਸੇ ਗਲ ਦੀ ਕਮੀ ਮਹੀਂ। ਜਦ ਵੀ ਕੋਈ ਓਕੜ ਬਣਦੀ ਹੈ ਸਤਗੁਰੂ ਆਪ ਸਹਾਈ ਹੁੰਦੇ ਹਨ, ਨਹੀਂ ਤਾਂ ਇਸ ਤੋਂ ਪਹਿਲਾਂ ਮੈਂ ਵੀ ਇਕ ਮਮੂਲੀ ਦਿਹਾੜੀਦਾਰ ਸਾਂ ਤੇ ਮੁਸ਼ਕਲ ਨਾਲ ਬਾਲ ਬਚਿਆਂ ਦਾ ਗੁਜਰਾਨ ਹੁੰਦਾ ਸੀ। ਤਾਂ ਹੀ ਸਤਸੰਗੀਓ ਮੈਂ ਪਹਿਲਾਂ ਅਰਜ਼ ਕੀਤੀ ਸ਼ੀ,

ਲਖ ਖੁਸ਼ੀਆ ਪਾਤਸ਼ਾਂਹੀ ਆਂ ਜੋ ਸਤਗੁਰ ਨਦਰ ਕਰੇ।



ਸੰਤ ਜਗਤ ਸਿੰਘ ਜੀ ਨਾਰੋਵਾਲ ਵਾਲੇ ਮਹਾਰਾਜ ਜੰਗ ਸਿੰਘ ਜੀ ਦੇ ਪੁਰਾਣੇ ਸ਼ਰਧਾਲੂਆਂ ਵਿਚੋਂ ਹਨ ਉਹਨਾਂ ਇਹ ਅਖੀਂ ਵੇਖਿਆ ਹਾਲ ਬਿਆਨ ਕੀਤਾ ਹੈ, ਸੰਤ ਭਗਵਾਨ ਸਿੰਘ ਜੀ ਸਿਆਲਕੋਟ ਜਦੋਂ ਵੀ ਜਾਂਦੇ ਇਨਾਂ ਦੀ ਦੁਕਾਨ ਤੇ ਜਰੂਰ ਆਉਂਦੇ ਕਿਉਂਕਿ ਸੰਤ ਜਗਤ ਸਿੰਘ ਹੁਰਾਂ ਦੀ ਦੁਕਾਨ ਸਟੇਸ਼ਨ ਦੇ ਕੋਲ ਹੀ ਸੀ, ਇਹ ਸਾਰੀ ਘਟਨਾ ਸੰਤ ਭਗਵਾਨ ਸਿੰਘ ਨੇ ਆਪ ਦਸੀ ਹੈ।

ਬਾਠਾਂ ਵਾਲੇ ਮਿਸਤਰੀ ਠਾਕੁਰ ਸਿੰਘ ਅਤੇ ਭਗਵਾਨ ਸਿੰਘ ਜੀ ਦੋ ਭਾਈ ਸ੍ਰੀ ਸਤਗੁਰੂ ਹਰੀ ਸਿੰਘ ਜੀ ਦੇ ਵਕਤ ਜੋ ਸਤਗੁਰੂ ਹਰੀ ਸਿੰਘ ਜੀ ਦੇ ਬੜੇ ਸ਼ਰਧਾਲੂ ਸਨ। ਜ਼ਦੋ ਵੀ ਸ੍ਰੀ ਸਤਗੁਰੂ ਹਰੀ ਸਿੰਘ ਜੀ ਦਾ ਦੋਰਾ ਕਾਲਰ ਵਲ ਆਉਂਦਾ ਸੀ ਤਾਂ ਇਹ ਬੜੀ ਸ਼ਰਧਾ ਭਾਵਨਾ ਨਾਲ ਸਤ-ਗੁਰਾਂ ਦੇ ਦਰਸ਼ਨ ਕਰਦੇ ਤੇ ਲੰਗਰ ਸਤਿਗੁਰਾਂ ਦਾ ਕਰਦੇ ਰਹਿੰਦੇ ਸਨ। ਇਹਨਾਂ ਉਤੇ ਸਤਿਗੁਰਾਂ ਦੀ ਬਹੁਤ ਖੁਸ਼ੀ ਸੀ। ਜਦੋਂ ਸਤਗੁਰਾਂ ਦੀ ਖੁਸ਼ੀ ਹੋਵੇ ਤਾਂ ਕਿਸੇ ਕਿਸਮ ਦੀ ਕਮੀ ਨਹੀਂ ਰਹਿੰਦੀ।

ਜਾਮੇ ਗੁਰੂ ਹੋਵੇ ਵਲ, ~~ਭਰਮ ਗਾਰਵ~~ ਕਿਆ ਕੀਜੈ।
ਜਾਮੈ ਗੁਰੂ ਹੋਵੇ ਵਲ ਲਖ ਬਾਹੇਂ ਕਿਆ ਕੀਜੈ॥

ਅਨੁਸਾਰ ਕੋਈ ਕਮੀ ਨਹੀਂ ਸੀ। ਕਿਸੇ ਕਮ ਕਾਰ ਵਾਸਤੇ ਮਿਸਤਰੀ ਜੀ ਹੋਰਾਂ ਸੁਖਨਾ ਸੁਖੀ, ਉਹ ਸਤਿ-ਗੁਰਾਂ ਦੀ ਕਿਰਪਾ ਨਾਲ ਕਾਰਜ ਠੀਕ ਹੋ ਗਿਆ। ਕੁਝ ਸਮੇਂ ਪਿਛੋਂ ਸਤਿਗੁਰਾਂ ਦਾ ਦੌਰਾ ਇਸ ਇਲਾਕੇ ਵਿਚ ਆਇਆ ਤਾਂ ਸਤਿਗੁਰੂ ਸੰਗਤਾਂ ਨੂੰ ਦਰਸ਼ਨ ਦੇਂਦੇ ਅਤੇ ਪਾਪੀਆਂ ਨੂੰ

ਤਾਰਦੇ ਹੋਏ ਬਾਠਾਂ ਵਾਲੇ ਪਹੁੰਚੇ ਤਾਂ ਇਕ ਸਿਖ ਨੂੰ ਹੁਕਮ ਦਿਤਾ ਕਿ ਤੂੰ ਜਾ ਕੇ ਮਿਸਤਰੀ ਠਾਕਰ ਸਿੰਘ ਨੂੰ ਖਬਰ ਦੇ ਤੇ ਸੰਗਤਾਂ ਬਾਰੇ ਪੁਛ ਕਿ ਡੇਰਾ ਕਿਥੇ ਕੀਤਾ ਜਾਵੇ।

ਜਿਸ ਵਕਤ ਉਹ ਸਿਖ ਸਤਿਗਰਾਂ ਦਾ ਹੁਕਮਨਾਮਾ ਲੈ ਕੇ ਗਿਆ ਤੇ ਉਸ ਵੇਲੇ ਮਿਸਤਰੀ ਜੀ ਇਸ਼ਨਾਨ ਕਰ ਰਹੇ ਸਨ। ਸਿਖ ਨੂੰ ਕਹਿਨ ਲਗੇ ਮੈਂ ਇਸ਼ਨਾਨ ਕਰਕੇ ਆਉਂਦਾ ਹਾਂ।

ਸਿਖ ਮੜ ਗਿਆ। ਪਤਾ ਨਹੀਂ ਮਿਸਤਰੀ ਜੀ ਦੇ ਮਨ ਵਿਚ ਕੀ ਆਇਆ, ਸਤਿਗੁਰ ਘਟ ਘਟ ਦੇ ਜਾਨਣ ਵਾਲੇ ਸੰਗਤਾਂ ਨੂੰ ਹੁਕਮ ਦਿਤਾ ਕਿ ਇਥੇ ਹੀ ਉਤਾਰਾ ਕਰ ਦਿਓ। ਤੇ ਲੰਗਰ ਗੁਰੂ ਦੇ ਭੰਡਾਰੇ ਵਿਚੋਂ ਹੀ ਰਸਦ ਲੈ ਕੇ ਤਿਆਰ ਕਰ ਲੌ।

ਸਿਖ ਹੁਕਮ ਮਨ ਕੇ ਡੇਰਾ ਕਰਕੇ ਲੰਗਰ ਦੀ ਤਿਆਰੀ ਕਰਨ ਲਗ ਪਏ। ਸਤਗੁਰੂ ਜੀ ਆਸਨ ਤੇ ਬੈਠਕੇ ਸੋਭਾ ਪਾਨ ਲਗੇ। ਅਤੇ ਸੰਗਤਾਂ ਦਰਸ਼ਨ ਕਰ ਕਰ ਕੇ ਅਪਨੇ ਹਿਰਦਿਆਂ ਨੂੰ ਠਾਰਨ ਲਗ ਪਏ। ਇਸ ਤੋਂ ਬਾਦ ਮਿਸਤ੍ਰੀ ਜੀ ਇਸ਼ਨਾਨ ਕਰਕੇ ਤੇ ਭੇਟਾ ਲੈ ਕੇ ਸਤਗੁਰਾਂ ਦੇ ਆ ਦਰਸ਼ਨ ਕੀਤੇ।

ਚਰਨੀਂ ਸੀਸ ਨਿਵਾ ਕੇ ਮਥਾ ਟੇਕ ਕੇ ਜੋ ਲੈ ਆਏ ਸਨ ਭੇਟਾ ਰਖ ਦਿਤੀ। ਉਹ ਜੋ ਸੁਖਣਾ ਸੁਖੀ ਸੀ ਕਿਸੇ ਕਾਰਨ ਘਟ ਹੋ ਗਈ ਸੀ ਰਕਮ ਦਾ ਪਤਾ ਮਿਸਤ੍ਰੀ ਜੀ ਨੂੰ ਭੁਲੇਖਾ ਸੀ ਕਿ ਪੂਰੀ ਹੈ, ਅੰਤਰਜਾਮੀ ਕਹਿਣ ਲਗੇ ਮਿਸਤ੍ਰੀ ਜੀ ਬਸ, ਮਿਸਤ੍ਰੀ ਜੀ ਬਸ, ਮਿਸਤ੍ਰੀ ਜੀ ਬਸ। ਹੁਣ ਮਿਸਤ੍ਰੀ

ਜੀ ਤੋਂ ਕੋਈ ਉਤਰ ਨਾ ਦਿਤਾ ਗਿਆ ਕਿ ਸਤਗੁਰਾਂ ਨੇ ਬਸ ਕਿਉਂ ਕਿਹਾ ਹੈ।

ਮਿਸਤ੍ਰੀ ਜੀ ਚੁਪ ਰਹੇ ਉਹ ਤੇ ਅਪਣੇ ਮਨ ਵਿਚ ਧਾਰੀ ਬੈਠੇ ਸਨ ਕਿ ਸਾਰੇ ਨਗਰ ਵਿਚ ਸਤਗੁਰੂ ਮੇਰੇ ਹੀ ਘਰ ਆਏ ਹਨ ਤੇ ਮੈਂ ਹੀ ਲੰਗਰ ਕਰਨਾ ਹੈ। ਸੂਖਮ ਜਿਹਾ ਮਾਨ ਮਨ ਵਿਚ ਆ ਗਿਆ ਸੀ ਇਸ ਕਰਕੇ ਸਤਗੁਰਾਂ ਅਪਣੇ ਖਜਾਨੇ ਵਿਚੋਂ ਲੰਗਰ ਦੀ ਤਿਆਰੀ ਦਾ ਹੁਕਮ ਦਿਤਾ ਸੀ ਮਿਸਤ੍ਰੀ ਜੀ ਦੇ ਨਾ ਪੁਛਨ ਤੋਂ ਸਤਿਗੁਰਾਂ ਡੇਰਾ ਅਤੇ ਲੰਗਰ ਦਾ ਜਿਸ ਤਰਾਂ ਹੁਕਮ ਕੀਤਾ ਸੀ ਉਸੇ ਤਰਾਂ ਹੋਇਆ ਸਤਿਗੁਰੂ ਕਿਸੇ ਵਲ ਨਹੀਂ ਗਏ।

ਸਤਿਗੁਰ ਸੰਗਤਾਂ ਸਮੇਤ ਫੇਰ ਉਥੋਂ ਚਾਲੇ ਪਾਕੇ ਹੋਰ ਪਾਸੇ ਚਲੇ ਗਏ। ਸਤਗੁਰਾਂ ਦੇ ਜਾਨ ਤੋਂ ਬਾਦ ਜਿਤਨੀ ਬਰਕਤ ਮਿਸਤ੍ਰੀ ਜੀ ਦੇ ਘਰ ਦੀ ਸੀ ਸਭ ਘਟਨੀ ਸ਼ੁਰੂ ਹੋ ਗਈ ਇਥੋਂ ਤਕ ਕਿ ਹੁਕਮ ਅਤੇ ਹਾਸਲ ਸਭ ਜਾਂਦਾ ਰਿਹਾ, ਗਰੀਬੀ ਨੇ ਡੇਰਾ ਆ ਲਾਇਆ।

ਬਹੁਤ ਮੁਸ਼ਕਲ ਬਣੀ, ਕੋਈ ਵਸੀਲਾ ਨਾ ਬਣਿਆ ਮਿਸਤ੍ਰੀ ਠਾਕਰ ਸਿੰਘ ਜੀ ਆਪਣਾ ਸਫਰ ਪੂਰਾ ਕਰ ਗਏ। ਫੇਰ ਵੀ ਕੋਈ ਵਸੀਲਾ ਨ ਬਣਿਆ। ਹੁਨ ਮਿਸਤ੍ਰੀ ਭਗਵਾਂਨ ਸਿੰਘ ਜੀ ਉਹਨਾਂ ਦੇ ਭਾਈ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਨੂੰ ਜਾਂਦੇ ਨੇ ਤੇ ਦਰਸ਼ਨ ਕਰਨ ਦਾ ਹੁਕਮ ਨਹੀਂ ਹੁੰਦਾ ਬਹੁਤ ਔਖੀ ਬਣੀ ਵਚੋਲਾ ਨਹੀਂ ਮਿਲਦਾ।

ਇਹ ਜੋ ਮੈਂ ਲਿਖ ਰਿਹਾ ਹਾਂ ਇਹ ਸਭ ਕਥਾ ਮਿਸਤ੍ਰੀ ਭਗਵਾਨ ਸਿੰਘ ਜੀ ਆਪ ਅਪਨੀ ਜਬਾਨੀ ਸਿਆਲਕੋਟ ਤਾਰੀਖ ਨੂੰ ਜਾਂਦੇ ਨੇ ਅਤੇ ਆਉਂਦੇ ਹੋਏ ਸਾਡੀ ਦੁਕਾਨ ਤੇ

ਰਾਤ ਰਹਿੰਦੇ ਸਨ ਤੇ ਦਸਦੇ ਹੋਂਦੇ ਸਨ। ਅਤੇ ਕਈ ਵੇਰਾਂ ਰੋ ਪੈਂਦੇ ਸਨ।

ਹੁਨ ਸਮਾਂ ਆ ਗਿਆ ਮਿਸਤ੍ਰੀ ਆਤਮਾ ਸਿੰਘ ਸ਼ੋਰਕੋਟ ਵਾਲੇ ਦੇ ਸਪੁਤਰ ਦੇ ਅਨੰਦ ਕਰਨ ਦਾ ਮਿਸਤ੍ਰੀ ਆਤਮਾ ਸਿੰਘ ਸ਼ੋਰਕੋਟ ਵਾਲੇ ਨੇ ਮਹਾਰਾਜ ਗਰੀਬਨਿਵਾਜ ਘਟ ਘਟ ਦੀ ਜਾਨਣ ਵਾਲੇ ਹਲਤ ਪਲਤ ਦੇ ਰਾਖੇ ਧੰਨ ਮਹਾਰਾਜ ਜੰਗ ਸਿੰਘ ਜੀ ਨੂੰ ਅਪਨੇ ਸਪੁਤਰ ਦੇ ਅਨੰਦ ਤੇ ਦਰਸ਼ਨ ਦੇਨ ਦੀ ਅਰਜ ਕੀਤੀ ਤਾਂ ਸਤਿਗੁਰੂ ਜੰਗ ਸਿੰਘ ਜੀ ਅਰਜ ਪ੍ਰਵਾਨ ਕਰ ਲਈ ਅਤੇ ਬਦੋ ਮਲੀ ਜੋ ਬਾਠਾਂ ਵਾਲੇ ਤੋਂ ਦੋ ਮੀਲ ਦੂਰ ਸੀ, ਆ ਦਰਸ਼ਨ ਦਿਤੇ।

ਕਿਡੀ ਵਡੀ ਸੋਭਾ ਚਲ ਜਿਥੇ ਆਪ ਭਗਵਾਨ ਆਵੇ ਉਥੋਂ ਦੀ ਸੋਭਾ ਕਿਡੀ ਵਡੀ ਹੋਈ। ਹੁਨ ਸਵੇਰੇ ਰਖੇ ਹੋਏ ਪਾਠ ਦਾ ਭੋਗ ਪੈਨਾ ਸੀ ਤੇ ਸਵੇਰੇ ਅਮ੍ਰਿਤ ਵੇਲੇ ਪਨਵਾ ਕੇ ਕੋਟ ਦੇ ਰਾਗੀ ਸੋਹਣ ਸਿੰਘ ਜੀ ਆਸਾ ਦੀ ਵਾਰ ਦਾ ਕੀਰ-ਤਨ ਕਰ ਰਹੇ ਸਨ ਅਤੇ ਐਸਾ ਅਨੰਦ ਬਨਿਆ, ਇਹ ਜਬਾਨ ਸਿਫਤ ਨਹੀਂ ਕਰ ਸਕਦੀ।

ਬਾਬਾ ਇੰਦਰ ਸਿੰਘ ਜੀ ਸਮਸੇ ਵਾਲੇ ਬ੍ਰਹਮਗਿਆਨੀ ਜੀ ਮਸਤਾਨੇ ਹੋ ਗਏ। ਉਸ ਵਕਤ ਦੀ ਉਪਮਾ ਕਹੀ ਣਹੀਂ ਜਾਂਦੀ। ਅਤੇ ਮੈਂ ਅਜ ਤਕ ਇਹੋ ਜਹੀ ਨਿਰਤਕਾਰੀ ਨਹੀਂ ਦੇਖੀ। ਨਾ ਸਮਾਂ ਮਿਲਿਆ। ਬਹੁਤ ਅਨੰਦ ਬਨਿਆ ਅਤੇ ਆਸਾ ਦੀ ਵਾਰ ਦੀ ਸਿਫਤ ਕੀਤੀ ਨਹੀਂ ਜਾਂਦੀ। ਭਾਵ ਸਭ ਦੀਆਂ ਆਸਾਂ ਪੂਰੀਆਂ ਹੋਨ ਦਾ ਸਮਾਂ ਬਨਿਆ। ਮਹਾਰਾਜ ਸਤਿਗੁਰੂ ਜੰਗ ਸਿੰਘ ਜੀ ਦੀਵਾਨ ਵਿਚ ਬੈਠੇ ਸੋਭਾ ਦੇ ਰਹੇ ਸਨ, ਜਿਸ ਵੇਲੇ ਰਾਗੀਆਂ ਦੀ ਰਸਨਾ ਤੋਂ ਇਹ

ਸ਼ਬਦ ਸੰਗਤਾਂ ਨੇ ਸੁਨਿਆ, ਤੇਰਾ ਨਮਿ ਗਰੀਬਨਿਵਾਜ ਬਖਸ਼ ਗੁਨਾਹੀਆਂ ਨੂੰ ਏਹ ਕੂਕ ਏਹ ਬੇਨਤੀ ਇਹ ਫਰਿਆਦ ਬਖਸ਼ ਗੁਨਾਹੀਆਂ ਨੂੰ ਸੁਣੀ ਤਾਂ ਕ੍ਰਿਪਾ ਨਿਧਾਨ ਮੇਹਰਾਂ ਦੇ ਦਾਤੇ ਮਹਾਰਾਜ ਜੰਗ ਸਿੰਘ ਜੀ ਨੇ ਮੇਹਰ ਦੀ ਨਜਰ ਨਾਲ ਸੰਗਤਾਂ ਵਲ ਵੇਖਿਆ ਤਾਂ ਉਸੇ ਵਕਤ ਮਿਸਤ੍ਰੀ ਭਗਵਾਨ ਸਿੰਘ ਮਿਸਤ੍ਰੀ ਠਾਕੁਰ ਜਿੰਘ ਦੇ ਭਾਈ ਉਠ ਕੇ ਸਾਰੀ ਬੜੀ ਲੰਮੀ ਆਹ ਲੈਕੇ ਬੜੇ ਜੋਰ ਨਾਲ ਉਚੀ ਉਚੀ ਰੋਨ ਲਗੇ ਤੇ ਆਖਿਓ ਨੇ ਸਚੇ ਪਾਤਸ਼ਾਹ ਜੀ ਆਪ ਦੇ ਘਰੋਂ ਬਸ ਦਾ ਸ਼ਬਦ ਸਤਿਗੁਰੂ ਹਰੀ ਸਿੰਘ ਜੀ ਦੀ ਰਸਨਾ ਵਿਚੋਂ ਨਿਕਲਿਆ ਸੀ । ਤੇ ਹੁਨ ਤਾਂ ਸਚੇ ਪਾਤਸ਼ਾਹ ਕੁਛ ਨਹੀਂ ਰਿਹਾ ਕਿਰਪਾ ਕਰਕੇ ਬਖਸ਼ੋ ਕੋਈ ਥਾਂ ਨਹੀਂ ਝਲਦਾ ਅਤੇ ਰੋਇਆ ਵੀ ਨਹੀਂ ਜਾਂਦਾ ਮੇਹਰ ਕਰਕੇ ਬਖਸ਼ੋ ।

ਮੇਹਰਾਂ ਦੇ ਦਾਤੇ ਮੇਹਰ ਕੀਤੀ ਤੇ ਸਜਾ ਪਵਿਤ੍ਰ ਹਥ ਅਪਨਾ ਚੁਕ ਕੇ ਪਵਿਤ੍ਰ ਰਸਨਾ ਨਾਲ ਆਖਿਆ ਬੈਠ ਜਾ ਓਹ ਹਥ ਉਤਾਂਹ ਚੁਕਨਾ ਤੇ ਬੈਠਣ ਦਾ ਇਸ਼ਾਰਾ ਅਤੇ ਰਸਨਾ ਚੋਂ ਕਹਿਣਾ ਸਭ ਪਦਾਰਥ ਬਖਸ਼ ਦਿਤੇ ਕੋਈ ਕਮੀ ਨ ਛਡੀ ਨਿਹਾਲ ਕਰ ਦਿਤਾ, ਅਨੰਦ ਤੋਂ ਬਾਦ ਜਦ ਸਿਆਲ ਕੋਟ ਤਾਰੀਖ ਤੇ ਗਏ ਤਾਂ ਜਿਥੇ ਆਸ ਨਹੀਂ ਸੀ ਜ਼ਿਤ ਹੋਣ ਦੀ ਜਜ ਨੇ ਮਿਸਤ੍ਰੀ ਜੀ ਦੇ ਹਕ ਵਿਚ ਫੈਸਲਾ ਕਰ ਦਿਤਾ ਅਤੇ ਜਿਥੇ ਕਮ ਅਟਕਿਆ ਹੋਇਆ ਸੀ, ਸਭ ਰਾਸ ਹੋ ਗਸੇ । ਮਾਨੋ ਸਭ ਪਦਾਰਥ ਮਿਲ ਗਏ ।

ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਪੁਛਨ ਕੀਤਾ, ਤੁਸਾਂ ਬਖਸ਼ਿਆ ਹੈ ਤੇ ਮਹਾਰਾਜ ਜੰਗ ਸਿੰਘ ਜੀ ਕਹਿਨ ਲਗੇ ਸਿਖ ਨੇ ਬਹੁਤ ਤਕਲੀਫ ਪਾਈ ਹੈ ਕਰਮ ਦਾ

ਫਲ ਪਾਲਿਆ ਹੈ। ਫਿਰ ਵੀ ਸਿਖ ਹੈ ਅਤੇ ਸੇਵਕ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਬੜੇ ਪਰੇਸ਼ਾਨ ਹੋਏ. ਬਖਸ਼ਸ਼ ਤੋਂ ਬਾਦ ਮਿਸਤ੍ਰੀ ਭਗਵਾਨ ਸਿੰਘ ਜੀ ਬੀਮਾਰ ਹੋ ਗਏ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੇਵਕ ਜਾਣਕੇ ਦਰਸ਼ਨ ਦਿਤੇ ਅਤੇ ਪਵਿਤ੍ਰ ਅਪਣੇ ਹਥਾਂ ਨਾਲ ੨੫ ਰੁਪਏ ਮਿਸਤ੍ਰੀ ਜੀ ਨੂੰ ਦਿਤੇ ਅਤੇ ਭੈਣੀ ਸਾਹਿਬ ਤੋਂ ਇਕ ਮੱਜ ਅਪਣੇ ਟਰੱਕ ਤੇ ਭੇਜੀ।

ਇਤਨੀ ਦਿਆਲਤਾ ਸਤਿਗੁਰੂ ਜੰਗ ਸਿੰਘ ਜੀ ਨੇ ਕੀਤੀ। ਇਹ ਸਭ ਬਖਸ਼ਸ਼ ਦਾ ਸਮਾਂ ਮੇਰੇ ਵੇਖਨ ਦਾ ਹੈ। ਮੈਂ ਉਸ ਆਨੰਦ ਤੇ ਗਿਆ ਹੋਇਆ ਸਾਂ।

ਦਾਸ- ਜਗਤ ਸਿੰਘ ਨਾਰੋਵਾਲ

ਸੰਤ ਆਸਾ ਸਿੰਘ ਜੀ ਛੀਨਾਂ ਜਿਨਾਂ ਨੇ ਸ੍ਰੀ ਮਹਾਰਾਜ ਜੰਗ ਸਿੰਘ ਜੀ ਦੀ ਅਠ ਸਾਲ ਹਜ਼ੂਰੀ ਸੇਵਾ ਕੀਤੀ ਹੈ ਬਾਬਾ ਬਿਸ਼ਨ ਸਿੰਘ ਜੀ ਹੁਰਾਂ ਦੇ ਦਸੇ ਹੋਏ ਬਚਨ ਕਰਦਿਆਂ ਦਸਿਆ ਕਿ ਮਹਾਰਾਜ ਜੰਗ ਸਿੰਘ ਜੀ ਦੀ ਉਮਰ ਉਸ ਵੇਲੇ ਕੋਈ ਇਕ ਸਾਲ ਦੀ ਸੀ।

ਇਕ ਦਿਨ ਮਾਤਾ ਸਾਹਿਬ ਕੌਰ ਜੀ ਜਿਨਾਂ ਨੂੰ ਮਹਾਰਾਜ ਜੀ ਨੂੰ ਬਚਪਨ ਵਿਚ ਆਪਣਾ ਦੁਧ ਪਿਆਣ ਦਾ ਸੁਭਾਗ ਮਿਲਿਆ ਸੀ, ਸ੍ਰੀ ਮਹਾਰਾਜ ਜ਼ੰਗ ਸਿੰਘ ਜੀ ਨਾਲ ਬਰਾਜਮਾਨ ਸਨ। ਮਾਤਾ ਸਾਹਿਬ ਕੌਰ ਜੀ ਕਾਰਨ ਵਸ ਮਹਾਰਾਜ ਜੀ ਵਲ ਪਿਠ ਦੇ ਕੇ ਸੌਂ ਗਏ ਤਾਂ ਮਾਤਾ ਜੀ ਕੀ ਮਹਿਸੂਸ ਕਰਦੇ ਹਨ ਕਿ ਉਨਾਂ ਦੇ ਨਾਲ ਮੰਜੇ ਤੇ ਮਹਾਰਾਜ ਜੀ ਨਹੀਂ ਸਗੋਂ ਕੋਈ ਛੇ ਫੁਟ ਦਾ ਗੱਬਰੂ ਲੰਮਾ ਪਿਆ ਹੈ।

ਮਾਤਾ ਜੀ ਤ੍ਰਬਕ ਕੇ ਉਠ ਬੈਠੇ ਅਤੇ ਪਿਛੇ ਮੁੜ ਕੇ ਵੇਖਿਆਂ ਬਗੈਰ ਬਾਬਾ ਖਿਸ਼ਨ ਸਿੰਘ ਜੀ ਵਲ ਉਠ ਭਜੇ ਅਤੇ ਜਾ ਕੇ ਸਾਰੀ ਵਿਥਿਆ ਦਸੀ, ਬਾਬਾ ਜੀ ਪਹਿਲਾਂ ਤਾਂ ਬੜੇ ਹੈਰਾਨ ਹੋਏ ਫਿਰ ਹਸ ਪਏ ਤੇ ਕਿਹਾ ਚਲੋ ਖਾਂ ਅਸੀ ਵੇਖਦੇ ਹਾਂ ਕਿ ਉਹ ਕੌਣ ਹੈ।

ਜਦ ਬਾਬਾ ਬਿਸ਼ਨ ਸਿੰਘ ਜ਼ੀ ਉਥੇ ਆਏ ਜਿਥੇ ਸ੍ਰੀ ਮਹਾਰਾਜ ਜੀ ਬਿਰਾਜਮਾਨ ਸਨ ਅਤੇ ਜਿਥੋਂ ਮਾਤਾ ਸਾਹਿਬ ਕੌਰ ਜੀ ਉਠ ਕੇ ਗਏ ਸਨ, ਉਸ ਮੰਜੇ ਤੇ ਸਿਰਫ ਮਹਾਰਾਜ ਜੀ ਹੀ ਬਾਲਕ ਰੂਪ ਵਿਚ ਨਜਰ ਆਏ।

ਬਾਬਾ ਬਿਸ਼ਨ ਸਿੰਘ ਹੁਰਾਂ ਨੇ ਹਜ਼ੂਰ ਨੂੰ ਮਥਾ ਟੇਕਿਆ ਅਤੇ ਪੁਛਣਾ ਕੀਤੀ ਕਿ ਓਹ ਨੌਜਵਾਨ ਕਿਥੇ ਹੈ ਜੋ ਤੇਰੇ ਨਾਲ ਮੰਜੇ ਤੇ ਸੁਤਾ ਸੀ, ਮਾਤਾ ਜੀ ਨੇ ਉਸੇ ਮੰਜੇ ਵਲ ਇਸ਼ਾਰਾ ਕੀਤਾ ਜਿਥੇ ਮਹਾਰਾਜ ਜੀ ਸੁਤੇ ਪਏ ਸਨ ਤਾਂ ਬਾਬਾ ਜੀ ਕਹਿਨ ਲਗੇ ਕਿ ਇਥੇ ਤਾਂ ਕੋਈ ਹੈ।

ਫਿਰ ਬਾਬਾ ਜੀ ਨੇ ਮਾਤਾ ਜੀ ਨੂੰ ਸੰਬੋਧਨ ਕੀਤਾ ਕਿ ਤੁਹਾਨੂੰ ਬਹੁਤ ਵਾਰੀ ਕਿਹਾ ਹੈ ਕਿ ਮਹਾਰਾਜ ਜੀ ਵਲ ਪਿਠ ਨਾ ਕਰਿਆ ਕਰੋ, ਇਹ ਤਾਂ ਅਕਾਲ ਪੁਰਖ ਦੀ ਅਪਾਰ

ਕਿਰਪਾ ਦੁਆਰਾ ਸਾਨੂੰ ਸ੍ਰੀ ਸਤਗੁਰੂ ਜੰਗ ਸਿੰਘ ਜੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ, ਇਹਨੂੰ ਤਾਂ ਅਕਾਲ ਪੁਰਖ ਦਾ ਰੂਪ ਹੀ ਸਮਝ। ਇਹ ਜੋ ਤੈਨੂੰ ਇਨਾਂ ਨੇ ਇਹ ਕੌਤਕ ਵਿਖਾਇਆ ਹੈ ਅਤੇ ਅਪਣੀ ਦੇਹ ਵਧਾ ਕੇ ਤੁਹਾਨੂੰ ਦਸਿਆ ਹੈ ਕਿਤੇ ਭੁਲਕੇ ਵੀ ਇਹਨਾਂ ਦਾ ਨਰਾਦਰ ਨਹੀਂ ਕਰਨਾ।

ਸੰਤ ਸੁਰੈਣ ਸਿੰਘ ਜੀ ਪਿੰਡ ਛਾਂਗੀਆ ਜਿਲਾ ਸਿਆਲਕੋਟ ਅਤੇ ਹੁਣ ਜੋ ਕਰਮਪੁਟਾ ਦਿਲੀ ਵਿਖੇ ਰਹਿੰਦੇ ਹਨ, ਬਚਨ ਕਰਦਿਆਂ ਦਸਿਆ। ਇਹ ਕੋਈ ਅਜ ਤੋਂ ਵੀਹ ਸਾਲ ਪਹਿਲਾਂ ਦੀ ਗਲ ਹੈ, ਮੇਰੀ ਸ਼ਾਦੀ ਨੂੰ ਕੋਈ ਪੰਦਰਾਂ ਸੋਲਾਂ ਸਾਲ ਹੋ ਗਏ ਸਨ ਪਰ ਸਾਡੇ ਘਰ ਕੋਈ ਔਲਾਦ ਨਹੀਂ ਸੀ ਹੋਈ। ਤਿਨ ਵਾਰ ਉਮੀਦਵਾਰੀ ਹੋਈ ਪਰ ਮਹਾਰਾਜ ਦਾ ਭਾਣਾ ਕਿ ਕੋਈ ਬੱਚਾ ਸਿਰੇ ਨ ਚੜ੍ਹਿਆ। ਭਾਵ ਪਹਿਲਾਂ ਕਿ ਮੇਰੀ ਸਿੰਘਣੀ ਬੀਮਾਰ ਹੋ ਜਾਂਦੀ।

ਅਸੀ ਦੋਵੇਂ ਜੀ ਉਦਾਸ ਰੈਹਣ ਲਗੇ। ਮੈਂ ਉਦੋਂ ਬਾਵਾ ਬਚਿਤਰ ਸਿੰਘ ਦੀ ਕਾਰ ਦਾ ਡਰਾਈਵਰ ਸਾਂ ਅਤੇ ਸਾਰਾ ਦਿਨ ਚਾਂਦਨੀ ਚੌਕ ਬਾਵਾ ਗੁਲਾਮ ਕੰਪਨੀ ਵਿਚ ਹੀ ਰਹਿੰਦਾ ਸਾਂ।

ਇਕ ਦਿਨ ਮੈਨੂੰ ਸੰਤ ਗਿਆਨ ਸਿੰਘ ਜੀ ਮਿਲੇ ਜੋ ਮਹਾਰਾਜ ਜੰਗ ਜੀ ਦੇ ਅਨਿਕ ਸੇਵਕ ਸਨ ਪਰ ਮੈਂ ਮਹਾਰਾਜ ਜੰਗ ਸਿੰਘ ਜੀ ਹਾਲਾਂ ਦਰਸ਼ਨ ਨਹੀਂ ਸਨ ਕੀਤੇ ਮੈਨੂੰ ਸੰਤ ਗਿਆਨ ਸਿੰਘ ਜੀ ਕਹਿਣ ਲਗੇ ਕਿ ਸੁਰੈਣ ਸਿੰਘ ਤੁਸੀ ਕੁਝ ਉਦਾਸ ਉਦਾਸ ਰਹਿੰਦੇ ਹੋ ਕੀਹ ਕਾਰਨ ਹੈ ।

ਮੇਰੀਆਂ ਅਖਾਂ ਵਿਚ ਪਾਣੀ ਆ ਗਿਆ ਅਤੇ ਮੈਂ ਅਪਣੀ ਦੁਖਭਰੀ ਕਹਾਣੀ ਸੰਤ ਗਿਆਨ ਸਿੰਘ ਹੁਰਾਂ ਨੂੰ ਦਸੀ । ਸੰਤ ਜ਼ੀ ਕਹਿਣ ਲਗੇ, ਭਾਈ ਤੂ ਫਿਕਰ ਨ ਕਰ ਸਾਡੇ ਮਹਾਰਾਜ ਜੰਗ ਸਿੰਘ ਜੀ ਜਦੋਂ ਆਨਗੇ ਮੈਂ ਉਨਾਂ ਅਗੇ ਤੇਰੀ ਅਰਜ ਕਰਾਂਗਾ । ਸਤਿਗੁਰ ਬੜੇ ਦੀਨਦਿਆਲ ਹਨ ਅਤੇ ਪਰਉਪਕਾਰੀ ਹਨ । ਉਹ ਤੇਰੀ ਚਿੰਤਾ ਦੂਰ ਕਰ ਦੇਣਗੇ ।

ਕਈ ਦਿਨ ਬਾਦ ਮੈਂ ਇਕ ਰੇੜੀ ਤੋਂ ਕੁਝ ਫਲ ਖਰੀਦ ਰਿਹਾ ਸਾਂ ਤਾਂ ਪਿਛੋਂ ਮੈਨੂੰ ਸੰਤ ਗਿਆਨ ਸਿੰਘ ਜੀ ਅਵਾਜ਼ ਮਾਰੀ ਅਤੇ ਕਿਹਾ ਭਾਈ ਸਾਡੇ ਸਤਿਗੁਰੂ ਮਹਾਰਾਜ ਜੰਗ ਸਿੰਘ ਜੀ ਆਏ ਹਨ ਅਤੇ ਆ ਤੂੰ ਵੀ ਦਰਸ਼ਨ ਕਰਕੇ ਅਪਣਾ ਜਨਮ ਸਫਲਾ ਕਰ ਲੈ ।

ਮੈਂ ਝਟਪਟ ਰੇੜੀ ਤੋਂ ਕੁਝ ਫ਼ਰੂਟ ਲਿਆ ਅਤੇ ਸੰਤ ਗਿਆਨ ਸਿੰਘ ਦੇ ਨਾਲ ਤੁਰ ਪਿਆ । ਹਜੂਰ ਥੋੜੀ ਹੀ ਦੂਰ ਗਡੀ ਵਿਚ ਬੈਠੇ ਹੋਏ ਸਨ । ਮੈਂ ਬੜੀ ਨਿਮਰਤਾ ਨਾਲ ਚਰਨਾਂ ਤੇ ਮਥਾ ਟੇਕਿਆ ਅਤੇ ਨੂਰੀ ਮੁਖੜੇ ਦੇ ਦਰਸ਼ਨ ਕਰਕੇ ਦਿਲ ਗਦ ਗਦ ਹੋ ਗਿਆ ਅਤੇ ਮੈਨੂੰ ਇੰਜ ਲਗਾ ਜਿਦਾਂ ਮੇਰੇ ਹੁਣ ਜਨਮਾਂ ਜਨਮਾਂ ਦੇ ਦੁਖ ਦੂਰ ਹੋ ਜਾਣਗੇ ।

ਸੰਤ ਗਿਆਨ ਸਿੰਘ ਹੁਰਾਂ ਮੇਰੇ ਲਈ ਅਰਜ਼ ਕੀਤੀ ਹਜ਼ੂਰ ਕਹਿਣ ਲੰਗੇ ਚਲੋ ਭਾਈ ਸਿਖ ਦੇ ਘਰ ਚਲਦੇ ਹਾਂ ਸਤਗੁਰਾਂ ਮੇਰੇ ਦਿਲ ਦੀ ਬੁਝ ਲਈ। ਮੈਂ ਪਹਿਲਾਂ ਹੀ ਦਿਲ ਵਿਚ ਏਹ ਕਹਿੰਦਾ ਸਾਂ ਕਿ ਪਾਤਸ਼ਾਹ ਮੇਰੇ ਘਰ ਚਲਣ। ਸੰਤ ਗਿਆਨ ਸਿੰਘ ਕਹਿਣ ਲਗੇ ਸਚੇ ਪਾਤਸ਼ਾਹ ਇਹ ਵੀ ਡਰਾਈਵਰ ਹੈ ਅਤੇ ਅਜ ਗਡੀ ਏਸ ਨੂੰ ਹੀ ਚਲਾਣ ਦਿਓ

ਸਤਿਗੁਰਾਂ ਨੇ ਪ੍ਰਵਾਨਗੀ ਦੇ ਦਿਤੀ। ਮੈਂ ਹੁਕਮ ਮਨ ਸਟੇਰਿੰਗ ਸੰਭਾਲ ਲਈ ਅਤੇ ਸਤਿਗੁਰਾਂ ਨੂੰ ਅਪਣੇ ਘਰ ਕਰਮਪੁਰੇ ਲੈ ਆਇਆ। ਆਕੇ ਮੇਂ ਤੇ ਮੇਰੀ ਸਿੰਘਣੀ ਦੋਵੇਂ ਗਲ ਵਿਚ ਪਲਾ ਪਾਕੇ ਸਤਿਗੁਰ ਦੇ ਚਰਨਾਂ ਵਿਚ ਖਲੋ ਗਏ

ਸਤਿਗੁਰ ਜਾਣੀਜਾਣ ਸਨ। ਤੀਨ ਲੋਕ ਦੇ ਥੰਮ ਕਹਿਣ ਲਗੇ, ਭਾਈ ਤੁਸੀ ਫਿਕਰ ਨਾ ਕਰੋ ਗੁਰੂ ਭਲੀ ਕਰੇ ਗਾ। ਅਤੇ ਨਾਲ ਹੀ ਵਰ ਦੇ ਦਿਤਾ ਕਿ ਹੁਣ ਜੋ ਬੱਚਾ ਹੋਵੇਗਾ ਠੀਕਠਾਕ ਹੋਵੇਗਾ. ਕੋਈ ਵਿਗਨ ਨਹੀਂ ਪਵੇਗਾ। ਤੇ ਨਾਲ ਹੀ ਫੁਰਮਾਇਆ ਭਾਈ ਜਦੋਂ ਵੀ ਔਕੜ ਬਣੇ ਤੁਸੀ ਸਾਨੂੰ ਖੜ ਲਿਖਕੇ ਡਾਕ ਵਿਚ ਪਾ ਦਿਆ ਕਰੋ, ਸਭ ਕਾਰਜ ਰਾਸ ਹੋ ਜ਼ਾਣਗੇ।

ਤੁਸੀ ਜਦ ਖਤ ਲਿਖ ਕੇ ਲੈਟਰ ਬਕਸ ਵਿਚ ਪਾਇਆ ਕਰੇਗਾ ਤਾਂ ਸਮਝ ਲੈਣਾ ਕਿ ਸਾਨੂੰ ਮਿਲ ਗਿਆ। ਅਤੇ ਤੁਹਾਡਾ ਕਮ ਗੁਰੂ ਆਪ ਸਵਾਰ ਦੇਗਾ। ਮੈਂ ਅਰਜ ਕੀਤੀ ਹਜ਼ੂਰ ਮੇਰੀ ਤਨਖਾਹ ਸਿਰਫ ਇਕ ਸੌ ਰੁਪਿਆ ਹੀ ਹੈ ਅਤੇ ਗੁਜ਼ਰ ਬੜੀ ਮੁਸ਼ਕਲ ਹੁੰਦੀ ਹੈ। ਗਰੀਬਨਿਵਾਜ ਕਹਿਣ ਲਗੇ ਭਾਈ ਦੋਵੇਂ ਜੀ ਨਿਤਨੇਮ ਕਰਿਆ ਕਰੋ । ਮਾਇਆ ਦੀ ਕਮੀ ਨਹੀਂ ਰਹੇਗੀ।

ਸਤਗੁਰ ਏਨਾਂ ਵਰ ਦੇ ਕੇ ਚਲੇ ਗਏ। ਕੁਝ ਸਮੇਂ ਪਿਛੋਂ ਸਾਡੇ ਘਰ ਭੁਜੰਗੀ ਨੇ ਜਨਮ ਲਿਆ, ਅਸੀ ਬੜੇ ਖੁਸ਼ ਹੋਏ। ਸਤਿਗੁਰੂ ਜੰਗ ਸਿੰਘ ਜੀ ਦਾ ਕੋਟਾਨ ਕੋਟ ਧਨਵਾਦ ਕੀਤਾ ਕਿ ਹੇ ਦੀਨ ਦਿਆਲ ਤੁਸੀ ਸਾਡੇ ਤੇ ਮਹਾਨ ਬਖਸ਼ਸ਼ ਕੀਤੀ ਹੈ। ਅਤੇ ਸਾਡੀ ਦੁਨੀਆ ਨਾਲ ਸਾਂਝ ਬਣਾਈ ਹੈ।

ਜਦ ਉਹ ਲੜਕਾ ਕੋਈ ਵੀਹਾਂ ਕੁ ਦਿਨਾਂ ਦਾ ਹੋਇਆ ਤਾਂ ਏਦਾਂ ਮਹਿਸੂਸ ਹੋਏ ਕਿ ਜਿਵੇਂ ਇਹ ਬਹੁਤ ਡਰਦਾ ਹੋਵੇ ਤੇ ਹਰ ਵੇਲੇ ਰੋਂਦਾ ਹੀ ਰਹਿੰਦਾ ਹੈ, ਰਾਤ ਤ੍ਰਬਕ ਕੇ ਉਠ ਪੈਂਦਾ ਤੇ ਚੀਕਾਂ ਮਾਰ ਕੇ ਰੋਣ ਲਗ ਜਾਂਦਾ ਹੈ। ਅਸੀ ਬੜੇ ਦਲਗੀਰ ਹੋਏ।

ਅੰਤ ਮਹਾਰਾਜ ਜੀ ਦਾ ਬਚਨ ਯਾਦ ਆਇਆ ਅਤੇ ਅਸਾਂ ਖਤ ਲਿਖ ਕੇ ਡਾਕ ਵਿਚ ਪਾ ਦਿਤਾ। ਅਸ-ਚਰਜ ਦੀ ਗਲ ਇਹ ਦੇਖੀ ਕਿ ਜਦੋਂ ਅਸਾਂ ਖਤ ਲਿਖ ਕੇ ਲੈਟਰ ਬਕਸ ਵਿਚ ਪਾਇਆ ਤਾ ਲੜਕਾ ਉਸੇ ਵੇਲੇ ਰੋਣ ਤੋਂ ਚੁਪ ਹੋ ਗਿਆ ਅਤੇ ਉਸਦਾ ਡਰ ਵੀ ਜਾਂਦਾ ਰਿਹਾ। ਉਸ ਤੋਂ ਬਾਦ ਹੁਣ ਸਾਡੇ ਘਰ ਤਿਨ ਲੜਕੇ ਹਨ ਤੇ ਮਾਇਆ ਦੀ ਵੀ ਕੋਈ ਕਮੀ ਨਹੀਂ ਰਹੀ ਜਦੋਂ ਜਦੋਂ ਵੀ ਸਾਨੂੰ ਔਕੜ ਬਣੀ ਅਸਾਂ ਖਤ ਲਿਖਕੇ ਮਹਾਰਾਜ ਜੰਗ ਸਿਘ ਜੀ ਵਲ ਡਾਕੇ ਪਾ ਦਿਤਾ ਅਤੇ ਸਾਡਾ ਕੰਮ ਰਾਸ ਹੋ ਜਾਂਦਾ ਹੈ, ਤਾਂ ਹੀ ਸਾਧ ਸੰਗਤ ਜੀ ਸਤਗੁਰੂ ਜੰਗ ਸਿੰਘ ਜੀ ਨੂੰ ਪਰਉਪ-ਕਾਰੀ ਸਤਗੁਰੂ ਆਖਦੇ ਹਨ।



ਸੰਤ ਦਰਸ਼ਨ



—ਨਾਮ ਬਾਣੀ ਦੇ ਰਸੀਏ—

ਭਾ. ਸਾਹਿਬ ਭਾਈ ਸੁੰਦਰ ਸਿੰਘ ਜੀ ਤੇ ਸੰਤ ਜੀਤ ਸਿੰਘ ਜੀ